Kavlok
# ਕਾਵਿਲੋਕ
ISSN: 2583-8393

Quarterly- RNI : PUNPUN / 2022 / 83293 - ਤਿਮਾਹੀ

| | | | | | |
|---|---|---|---|---|---|
| Vol. 2 | Issue 4 | April - June 2024 | Published at Jalandhar | Price 50/- | Pages 52 |
| ਸਾਲ 2 | ਅੰਕ 4 | ਅਪ੍ਰੈਲ – ਜੂਨ 2024 | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ 50/– | ਸਫ਼ੇ 52 |


ਔਰਤ ਚਾਹੁੰਦੀ ਹੈ
ਬੇਬਾਕ, ਬੇਝਿਜਕ, ਬੇਖੌਫ਼ ਹੋ ਕੇ
ਬੋਲਣਾ !!

ਔਰਤ ਚਾਹੁੰਦੀ ਹੈ
ਬੰਦਿਸ਼ਾਂ ਤੋਂ ਆਜ਼ਾਦ ਹੋ
ਬੇਇੰਤਹਾ ਮੁਹੱਬਤ ਕਰਨਾ!!



ਔਰਤ ਚਾਹੁੰਦੀ ਹੈ
ਇਸ਼ਕ ਦੀ ਬੰਦਗੀ
ਕਰਨੀ... ...
ਮਹਿਬੂਬ ਨੂੰ ਬਿਸਮਿੱਲਾ
ਕਰਨਾ!!

-ਕਿਰਨ ਕੌਰ

# Kavlok

A Peer-Reviewed Research Journal

**April-June 2024**



*Patron*

**Surinder Singh Sunner**
693-GTB Nagar
Jalandhar-144001
email : ssunner@gmail.com

*Editor*

**Dr.Lakhvinder Singh Johal**
20-Professor Colony
Wadala Chowk
Jalandhar-144001
email : kavlok2020@gmail.com

**Editorial Board**

**Dr. S.P. Singh**
49-GF Raj Guru Nagar, Ludhiana
email : sp.gudu@gmail.com

**Dr. Surjit Patar**
46 Ashapuri, Ludhiana-141012
email : surjitpatar@gmail.com

**Dr. Jaswinder Singh**
242-Charan Bagh, Patiala
email : jaswinder245@gmail.com

**Dr. Yog Raj**
H.No. 142, Sector-5, Block-A,
Eco City Chandigarh.
email : yograj_pu@yahoo.co.in

**Dr. Bhiminder Singh**
5059 Urban Estate, Phase-I
Patiala.
email : bhiminderpbi@gmail.com


## ਇਸ ਅੰਕ ਵਿੱਚ


- ਸੰਪਾਦਕੀ – ਡਾ. ਲਖਵਿੰਦਰ ਸਿੰਘ ਜੌਹਲ
- ਸਮਾਜਿਕ ਯਥਾਰਥ ਦੀਆਂ ਵਿਸੰਗਤੀਆਂ ਪ੍ਰਤੀ ਨਾਬਰੀ ਦਾ ਕਾਵਿ ਪ੍ਰਵਚਨ-ਤਰਕਸ਼ ਵਿਚਲੇ ਹਰਫ਼ —ਡਾ.ਜੇ.ਬੀ. ਸੇਖੋਂ
- ਸਤੀ ਕੁਮਾਰ ਦੀ ਵਿਲੱਖਣਤਾ —ਡਾ. ਲਖਵਿੰਦਰ ਸਿੰਘ ਜੌਹਲ
- ਕਵਿਤਾ ਦੀ ਕਹਾਣੀ —ਕਿਰਨ ਕੌਰ
- ਕਿੱਸਾਕਾਰ ਦਮੋਦਰ: ਪੁਨਰ ਮੁਲੰਕਣ —ਪਰਮਜੀਤ ਢੀਂਗਰਾ (ਡਾ.)
- ਅਸਤਿਤ੍ਵਵਾਦ ਅਤੇ ਇੱਛਾਪਾਲ ਦੀ ਕਵਿਤਾ: ਵਿਹਾਰਕ ਅਧਿਐਨ —ਡਾ. ਗੁਰਪ੍ਰੀਤ ਕੌਰ, ਡਾ. ਹਰਜਿੰਦਰ ਸਿੰਘ
- ਮਹਾਂਦੇਵੀ ਵਰਮਾ ਦੀਆਂ ਕਾਵਿ-ਰਚਨਾਵਾਂ ਵਿਚ ਪ੍ਰੇਮ ਅਨੁਭਵ —ਡਾ. ਹੈਪੀ
- 'ਮਨ ਦੀ ਚਿੱਪ' ਮਸ਼ੀਨ ਦੀ ਚਿੱਪ ਮੂਹਰੇ ਮਾਨਵੀ ਚਿੱਪ ਦੀ ਸੰਵੇਦਨਾ ਦਾ ਕਾਵਿ-ਸੰਵਾਦ —ਡਾ. ਯੋਗ ਰਾਜ
- 'ਪਾਣੀ ਉੱਤੇ ਤਰਦੀ ਅੱਗ' ਨੂੰ ਪੜ੍ਹਦਿਆਂ —ਨੀਲੂ ਜਰਮਨੀ
- ਪੁਸਤਕ ਸਮੀਖਿਆ



email : kavlok2020@gmail.com

Website : www.kavlok.in

Contact : 9417194812

ਚੈੱਕ ਜਾਂ ਡਰਾਫ਼ਟ
**KAVLOK**
ਦੇ ਨਾਮ ਹੀ ਭੇਜੇ ਜਾਣ
**Central Bank of India**
Current A/c No.: 5102475270
IFSC : CBIN0284551

| | |
|---|---|
| ਇਕ ਕਾਪੀ | 50/- |
| ਸਾਲਾਨਾ | 200/- |
| ਜੀਵਨ ਮੈਂਬਰ ਦੇਸ਼ | 5000/- |
| ਜੀਵਨ ਮੈਂਬਰ ਵਿਦੇਸ਼ | £100 $150 |

20 Professor Colony,
Wadala Chowk,
Jalandhar
Punjab-144001.



# ਕਵਿਤਾ ਦਾ ਸੁਹਜ

ਆਦਿਕਾਲ ਤੋਂ ਸਮਕਾਲ ਤੱਕ ਫੈਲਿਆ ਹੋਇਆ ਕਵਿਤਾ ਦਾ ਕ੍ਰਿਸ਼ਮਾ ਮਾਨਵੀ ਸੁਹਜ-ਸੁਆਦ, ਹੁਲਾਸ ਅਤੇ ਬੋਧ ਵਿਕਾਸ ਵਿੱਚ ਵਡਮੁੱਲੀ ਭੂਮਿਕਾ ਨਿਭਾ ਰਿਹਾ ਹੈ। ਇਸ ਦੇ ਵਿਭਿੰਨ ਰੂਪਾਂ, ਰੰਗਾਂ ਅਤੇ ਪਾਸਾਰਾਂ ਦੀ ਆਪਣੀ ਆਭਾ ਹੈ, ਜਲੌਅ ਹੈ, ਮਹੱਤਤਾ ਹੈ। ਇਸ ਨੂੰ ਲਿਖਣਹਾਰਿਆਂ ਦੀ ਆਪਣੀ-ਆਪਣੀ ਸਮਰੱਥਾ ਹੈ, ਪਸੰਦ ਹੈ। ਵਿਸ਼ਵ ਦੇ ਵੱਖ-ਵੱਖ ਖੇਤਰਾਂ, ਸੱਭਿਆਚਾਰਾਂ, ਭਾਸ਼ਾਵਾਂ ਵਿੱਚ ਲਿਖੀ ਜਾਣ ਵਾਲੀ ਸਮੁੱਚੀ ਕਵਿਤਾ 19ਵੀਂ ਸਦੀ ਤੱਕ ਲਗਪਗ ਤੋਲ-ਤੁਕਾਂਤ ਵਾਲੀ ਲੈਅ-ਬੱਧ ਕਵਿਤਾ ਹੀ ਰਹੀ ਹੈ। ਪਰ ਸਮੇਂ ਦੇ ਬਦਲਾਉ ਨੇ ਇਸ ਲੈਅ-ਬੱਧਤਾ ਨੂੰ ਤੋਲ-ਤੁਕਾਂਤਾਂ ਨਾਲੋਂ ਤੋੜ ਕੇ ਵਿਚਾਰ ਦੇ ਖੁੱਲ੍ਹੇ ਪ੍ਰਵਾਹ ਵੱਲ ਮੋੜ ਦਿੱਤਾ। ਇਸ ਨਾਲ ਕਵਿਤਾ ਦਾ ਇਕ ਵੱਡਾ ਹਿੱਸਾ ਤੁਕਬੰਦੀ ਨੂੰ ਤਿਆਗ ਕੇ ਲੈਅ-ਬੱਧਤਾ ਦੀ ਨਵੀਂ ਪਰਿਭਾਸ਼ਾ ਵਿੱਚ ਪ੍ਰਵੇਸ਼ ਕਰ ਗਿਆ। ਪੰਜਾਬੀ ਵਿਚ ਭਾਈ ਵੀਰ ਸਿੰਘ ਅਤੇ ਪ੍ਰੋਫੈਸਰ ਪੂਰਨ ਸਿੰਘ ਦੀ ਕਵਿਤਾ ਨੇ ਪੂਰਵਲੀਆਂ ਕਾਵਿ ਪਰੰਪਰਾਵਾਂ ਨੂੰ ਤੋੜਨ ਦਾ ਅਦਭੁੱਤ ਸਾਹਸ ਕੀਤਾ। ਇਸ ਤਬਦੀਲੀ ਦੇ ਨਾਲ ਹੀ ਇਹ ਬਹਿਸ ਵੀ ਆਰੰਭ ਹੋ ਗਈ ਕਿ ਕਵਿਤਾ ਮਨੁੱਖੀ ਮਨ ਨੂੰ ਸਕੂਨ ਦੇਣ ਵਾਲੀ ਹੋਵੇ?, ਮਨੁੱਖੀ ਮਨ ਦੀ ਟਿਕੀ ਹੋਈ ਅਵਸਥਾ ਨੂੰ ਟਿਕਾਈ ਰੱਖਣ ਵਾਲੀ ਹੋਵੇ? ਜਾਂ ਪਾਠਕ ਦੀ ਮਨੋ-ਅਵਸਥਾ ਵਿੱਚ ਖ਼ਲਲ ਪਾ ਕੇ, ਸਮਾਜ ਨੂੰ ਬਦਲ ਦੇਣ ਦੇ ਸੁਨੇਹੇ ਨਾਲ ਭਰਪੂਰ ਜਾਗਰੂਕਤਾ ਪੈਦਾ ਕਰਨ ਵਾਲੀ ਵੀ ਹੋਵੇ? ਪਰ ਕੀ ਇਹ ਵਿਚਾਰਧਾਰਾਈ ਖ਼ਲਲ ਸਿਰਫ਼ ਖੁੱਲ੍ਹੀ ਕਵਿਤਾ ਰਾਹੀਂ ਹੀ ਸੰਭਵ ਹੈ ਜਾਂ ਤੋਲ-ਤੁਕਾਂਤ ਦੀਆਂ ਬੰਦਿਸ਼ਾਂ ਅਤੇ ਲੈਅ-ਬੱਧਤਾ ਦੀ ਤੁਕਬੰਦੀ ਵੀ ਇਹ ਕਾਰਜ ਨਿਭਾ ਸਕਦੀ ਹੈ?

ਵਾਰਾਂ, ਜੰਗਨਾਮਿਆਂ ਅਤੇ ਇਨਕਲਾਬੀ ਗੀਤਾਂ ਦੀ ਵਿਰਾਸਤ ਵਿਚੀਂ ਗੁਜ਼ਰੀਏ ਤਾਂ ਕਾਵਿਕਾਰੀ ਰਾਹੀਂ ਵਿਚਾਰਾਂ ਦੇ ਪ੍ਰਗਟਾਵੇ ਵਿੱਚ, ਲੈਅ-ਬੱਧਤਾ ਕੋਈ ਰੋਕ ਪਾਉਂਦੀ ਪ੍ਰਤੀਤ ਨਹੀਂ ਹੁੰਦੀ। ਬਾਂਕੇ ਦਿਆਲ ਦੇ "ਪਗੜੀ ਸੰਭਾਲ ਜੱਟਾ", ਭਗਤ ਸਿੰਘ ਅਤੇ ਸਾਥੀਆਂ ਵਲੋਂ ਗਾਇਆ ਜਾਂਦਾ "ਰੰਗ ਦੇ ਬਸੰਤੀ ਚੋਲਾ", ਰਾਮ ਪ੍ਰਸਾਦ ਬਿਸਮਿਲ ਦੇ "ਸਰਫਰੋਸ਼ੀ ਕੀ ਤਮੰਨਾ" ਅਤੇ ਫ਼ੈਜ਼ ਅਹਿਮਦ ਫ਼ੈਜ਼ ਦੇ "ਵੋਹ ਵਕਤ ਕਰੀਬ ਆ ਪਹੁੰਚਾ ਹੈ" ਆਦਿ ਗੀਤਾਂ/ਗ਼ਜ਼ਲਾਂ ਨੂੰ ਨਿਹਾਰਦੇ ਹੋਏ ਬਾਵਾ ਬਲਵੰਤ, ਸੰਤ ਰਾਮ ਉਦਾਸੀ, ਸੁਰਜੀਤ ਪਾਤਰ, ਮਹਿੰਦਰ ਸਾਥੀ ਅਤੇ ਦਰਸ਼ਨ ਖਟਕੜ ਦੀਆਂ ਗ਼ਜ਼ਲਾਂ/ਗੀਤਾਂ ਤੱਕ ਪਹੁੰਚੀਏ ਤਾਂ ਇਸ ਵਿਸ਼ੇ ਉੱਤੇ ਵਿਚਾਰ-ਵਟਾਂਦਰੇ ਦੇ ਕਈ ਪਾਸਾਰ ਖੁੱਲ੍ਹਦੇ ਹਨ। ਇਹ ਪਾਸਾਰ ਪਾਸ਼, ਅਮਰਜੀਤ ਚੰਦਨ, ਲਾਲ ਸਿੰਘ ਦਿਲ ਤੱਕ ਪਹੁੰਚਦੇ ਹੋਏ ਹੋਰ ਵੀ ਮੋਕਲੇ ਹੋ ਜਾਂਦੇ ਹਨ।

ਫੇਰ ਵੀ ਵਿਆਪਕ ਰੂਪ ਵਿੱਚ ਇਹੀ ਪ੍ਰਤੀਤ ਹੁੰਦਾ ਹੈ ਕਿ ਲੈਅ-ਬੱਧ ਕਵਿਤਾ, ਗੀਤ ਜਾਂ ਗ਼ਜ਼ਲ ਪਾਠਕ ਨੂੰ ਵਕਤੀ ਤੌਰ 'ਤੇ ਜਗਾਉਂਦੀ ਹੈ ਪਰ ਅਸਲ ਵਿੱਚ ਸਲਾਉਂਦੀ ਹੈ। ਉਸ ਨੂੰ ਘੂਕੀ ਚਾੜ੍ਹਦੀ ਹੈ। ਪਾਠਕ ਨੂੰ ਝੂਮਣ ਜ਼ਰੂਰ ਲਾ ਦਿੰਦੀ ਹੈ, ਸਕੂਨ ਦਿੰਦੀ ਹੈ। ਪ੍ਰੰਤੂ ਪਾਠਕ ਦੇ ਜ਼ਿਹਨ ਵਿੱਚ ਕੋਈ ਖ਼ਲਲ ਨਹੀਂ ਪਾਉਂਦੀ। ਉਸਦੀ ਟਿਕੀ ਹੋਈ ਮਾਨਸਿਕਤਾ ਵਿੱਚ ਕੋਈ ਹਲਚਲ ਪੈਦਾ ਨਹੀਂ ਕਰਦੀ। ਜੇਕਰ ਖ਼ਲਲ ਨਹੀਂ, ਹਲਚਲ ਨਹੀਂ ਤਾਂ ਕਵਿਤਾ ਦਾ ਮਕਸਦ ਪੂਰਾ ਹੋਣੋਂ ਰਹਿ ਜਾਂਦਾ ਹੈ। ਬੇਸ਼ੱਕ ਮੈਂ ਵੀ ਕਈ ਵਾਰ ਲੈਅ ਵਾਲੀ ਕਵਿਤਾ ਲਿਖੀ ਹੈ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਅਸਲ ਵਿੱਚ ਮੇਰੀ ਕਵਿਤਾ ਨਹੀਂ ਹੈ। ਮੇਰੀ ਜਾਚੇ ਕਵਿਤਾ ਤੁਹਾਡੇ ਅੰਦਰਲੇ ਵਿਚਾਰਾਂ ਦਾ ਬੇਰੋਕ ਪ੍ਰਵਾਹ ਹੁੰਦੀ ਹੈ। ਇਹ ਵਿਚਾਰ ਬਿਨਾਂ ਕਿਸੇ ਕਾਰਸਤਾਨੀ ਦੇ ਬਾਹਰ ਆਉਣੇ ਚਾਹੀਦੇ ਹਨ ਅਤੇ ਲੋਕਾਂ/ਪਾਠਕਾਂ ਵਿੱਚ ਪਹੁੰਚਣੇ ਚਾਹੀਦੇ ਹਨ। ਕਵਿਤਾ ਲਿਖਣਾ, ਜਿਥੇ ਆਪਣੇ-ਆਪ ਨੂੰ ਸਮਝਣ ਅਤੇ ਪ੍ਰਗਟਾਉਣ ਦੀ ਪ੍ਰਕਿਰਿਆ ਹੈ, ਉੱਥੇ ਸਮਾਜ ਨੂੰ ਬਦਲਣ ਦਾ ਬੋਧ ਜਗਾਉਣ ਵਾਲੇ ਸ਼ਬਦਾਂ ਦੀ ਸਿਰਜਣਾ ਵੀ ਹੁੰਦੀ ਹੈ। ਵਾਰਾਂ, ਜੰਗਨਾਮਿਆਂ, ਲਹਿਰਾਂ ਦੀ ਕਵਿਤਾ ਅਤੇ ਫਿਲਮੀ ਗੀਤਾਂ ਸਮੇਤ ਸਮੁੱਚੀ ਲੈਅ ਬੱਧਤਾ ਦਾ ਸਤਿਕਾਰ ਕਰਦਾ ਹੋਇਆ, ਮੈਂ ਕਵਿਤਾ ਦੇ ਉਸ ਸੁਹਜ-ਬੋਧ ਦਾ ਤਲਬਗਾਰ ਹਾਂ, ਜਿਸ ਨੇ ਪਾਠਕ ਦੇ ਬੋਧ ਨੂੰ ਜਗਾਉਣਾ ਹੈ, ਨਾ ਕਿ ਜਜ਼ਬਾਤ ਨੂੰ ਵਕਤੀ ਤੌਰ ਤੇ ਭੜਕਾਉਣ ਹੈ।

ਸੰਖੇਪ ਅਤੇ ਸਪੱਸ਼ਟ ਰੂਪ ਵਿੱਚ ਕਹਿਣਾ ਹੋਵੇ ਤਾਂ ਕਵਿਤਾ ਵਿਚਾਰ ਨੂੰ ਸੁਹਜ ਵਿੱਚ ਸੰਜੋਅ ਕੇ ਕਰਤਾਰੀ ਕ੍ਰਿਸ਼ਮਾ ਕਰਨ ਦੀ ਪ੍ਰਕਿਰਿਆ ਹੈ। ਉਂਜ ਸਾਰੇ ਵੱਡੇ ਕਵੀਆਂ ਦੀ ਕਵਿਤਾ ਨੂੰ ਨਿਹਾਰੀਏ ਅਤੇ ਪੰਜਾਬੀ ਪਾਠਕਾਂ ਦੇ ਨਜ਼ਰੀਏ ਤੋਂ ਵੇਖੀਏ ਤਾਂ ਤੋਲ-ਤੁਕਾਂਤ ਭਰਪੂਰ ਕਵਿਤਾ ਦੇ ਨਾਲ-ਨਾਲ ਤੋਲ-ਤੁਕਾਂਤ ਮੁਕਤ ਕਵਿਤਾ ਨੂੰ ਵੀ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਤੋਂ ਜਾਪਦਾ ਹੈ ਕਿ ਇਹ ਕ੍ਰਿਸ਼ਮਾ ਲੈਅ-ਬੱਧ ਵੀ ਹੋ ਸਕਦਾ ਹੈ ਅਤੇ ਲੈਅ-ਮੁਕਤ ਵੀ। ਪਰ ਸਾਡੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਕਾਵਿ-ਬੋਧ ਦੇ ਗਹਿਰ-ਗੰਭੀਰ ਮਸਲਿਆਂ ਨੂੰ ਸਿਰਫ ਪਾਠਕਾਂ ਦੇ ਹੁੰਘਾਰੇ ਅਤੇ ਲੋਕਪ੍ਰਿਅਤਾ ਦੀ ਦ੍ਰਿਸ਼ਟੀ ਤੋਂ ਹੀ ਵੇਖਿਆ ਜਾਣਾ ਚਾਹੀਦਾ ਹੈ? ਜਾਂ ਇਸ ਨੂੰ ਵਾਚਣ ਦੇ ਨਵੇਂ ਨਜ਼ਰੀਏ ਵੀ ਹੋ ਸਕਦੇ ਹਨ?

**-ਡਾ. ਲਖਵਿੰਦਰ ਸਿੰਘ ਜੌਹਲ**

# ਅਸਤਿਤ੍ਵਵਾਦ ਅਤੇ ਇੱਛੂਪਾਲ ਦੀ ਕਵਿਤਾ: ਵਿਹਾਰਕ ਅਧਿਐਨ

• ਡਾ. ਗੁਰਪ੍ਰੀਤ ਕੌਰ - ਡਾ. ਹਰਜਿੰਦਰ ਸਿੰਘ •



**ਡਾ. ਗੁਰਪ੍ਰੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਗੌਰਮਿੰਟ ਡਿਗਰੀ ਕਾਲਜ
ਫਾਰ ਵਿਮਨ, ਕਠੂਆ।

**ਅਸਤਿਤ੍ਵਵਾਦ ਇੱਕ ਦਾਰਸ਼ਨਿਕ ਸਾਹਿਤ ਚਿੰਤਨ ਪ੍ਰਣਾਲੀ ਹੈ। ਇਸ ਦਾ ਜਨਮ ਫਰਾਂਸ ਵਿੱਚ ਵਿਸ਼ਵ-ਯੁੱਧਾਂ ਦੇ ਵਿਰੋਧ ਵਿੱਚ ਇੱਕ ਲਹਿਰ ਵਜੋਂ ਹੋਇਆ।**



**ਡਾ. ਹਰਜਿੰਦਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਜੰਮੂ ਯੂਨੀਵਰਸਿਟੀ, ਜੰਮੂ।

ਇੱਛੂਪਾਲ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਉੱਘਾ ਹਸਤਾਖ਼ਰ ਹੈ। ਉਸ ਨੇ ਪੰਜਾਬੀ ਕਾਵਿ-ਸਾਹਿਤ ਨੂੰ ਆਪਣੀ ਆਪਣੀ ਜੂਹ (2000), ਅੱਥਰੇ ਘੋੜੇ ਵਾਂਗ (2006), ਘਰ ਪਰਤਣ ਤੇ (2009), ਜਦੋਂ ਪਰਿੰਦੇ ਪਰਤਣ ਗੇ...(2011), ਤਰਕਾਲਾਂ ਦੀਆਂ ਆਵਾਜ਼ਾਂ (2012), ਓਹਲਾ-ਲੰਬੀ ਕਵਿਤਾ (2013), ਵਸਲ ਦੀ ਖਿੱਚ (2015) ਅਤੇ ਬਦਾਮਾਂ ਦੀ ਫੁੱਲਖੇਰੀ (2021) ਅੱਠ ਬਹੁਮੁੱਲੀਆਂ ਪੁਸਤਕਾਂ ਦਿੱਤੀਆਂ ਹਨ ਅਤੇ ਪੰਜਾਬੀ ਕਹਾਣੀ ਸਾਹਿਤ ਸਿਰਜਣਾ ਵਿੱਚ ਵੀ ਅਹਿਮ ਯੋਗਦਾਨ ਪਾਇਆ ਹੈ। ਉਸ ਦਾ ਕਾਵਿ-ਸਾਹਿਤ ਜਿੱਥੇ ਰੋਮਾਂਸਵਾਦ, ਯਥਾਰਥਵਾਦ ਦੇ ਪਹਿਲੂਆਂ ਦੀ ਵਕਾਲਤ ਕਰਦਾ ਹੈ, ਉੱਥੇ ਅਸਤਿਤ੍ਵੀ ਸਰੋਕਾਰ ਵੀ ਉਸਦੀ ਕਾਵਿ ਸੰਵੇਦਨਾ ਦਾ ਅਹਿਮ ਹਿੱਸਾ ਬਣਦੇ ਹਨ। ਇਸ ਖੋਜ ਪੱਤਰ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਅਸੀਂ ਅਸਤਿਤ੍ਵਵਾਦ ਦੇ ਇਤਿਹਾਸ ਤੇ ਸੰਕਲਪ ਸੰਬੰਧੀ ਸੰਖੇਪ ਵਿਆਖਿਆਮੂਲਕ ਜਾਣਕਾਰੀ ਦਿੱਤੀ ਹੈ ਅਤੇ ਇਸ ਦੇ ਨਾਲ ਹੀ ਅਸਤਿਤਵਵਾਦ ਦੇ ਮੁੱਖ ਆਧਾਰਾਂ ਨੂੰ ਵਿਚਾਰਿਆ ਹੈ; ਦੂਸਰੇ ਭਾਗ ਵਿੱਚ ਇਨ੍ਹਾਂ ਆਧਾਰਾਂ ਦੀ ਸਹਾਇਤਾ ਨਾਲ ਇੱਛੂਪਾਲ ਦੀਆਂ ਕਵਿਤਾਵਾਂ ਦਾ ਵਿਹਾਰਕ ਅਧਿਐਨ ਕੀਤਾ ਹੈ।

I

ਅਸਤਿਤ੍ਵਵਾਦ ਇੱਕ ਦਾਰਸ਼ਨਿਕ ਸਾਹਿਤ ਚਿੰਤਨ ਪ੍ਰਣਾਲੀ ਹੈ। ਇਸ ਦਾ ਜਨਮ ਫਰਾਂਸ ਵਿੱਚ ਵਿਸ਼ਵ-ਯੁੱਧਾਂ ਦੇ ਵਿਰੋਧ ਵਿੱਚ ਇੱਕ ਲਹਿਰ ਵਜੋਂ ਹੋਇਆ। ਹਿਟਲਰ ਦੀ ਤਾਨਾਸ਼ਾਹੀ ਅਤੇ ਵਿਸ਼ਵ-ਵਿਆਪੀ ਤਾਕਤਾਂ ਦੁਆਰਾ ਸਵੈ-ਹਿੱਤਾਂ ਦੀ ਪੂਰਤੀ ਲਈ ਕੀਤੇ ਗਏ ਯੁੱਧਾਂ ਵਿੱਚ ਅਨੇਕਾਂ ਲੋਕ ਮਾਰੇ ਗਏ ਜਿਸ ਦਾ ਇੱਕ ਵੱਡਾ ਕਾਰਨ ਪੂੰਜੀਵਾਦੀ ਸੋਚ ਅਤੇ ਮਾਰਕਸਵਾਦੀ ਵਿਚਾਰਧਾਰਾ ਵਿਚਕਾਰ ਵੱਧ ਰਹੇ ਤਣਾਵਾਂ ਨੂੰ ਮੰਨਿਆ ਜਾਂਦਾ ਹੈ। ਵੀਹਵੀਂ ਸਦੀ ਦੇ ਆਰੰਭ ਵਿੱਚ ਹੀ ਪੱਛਮੀ ਦੇਸ਼ਾਂ ਨੇ ਆਧੁਨਿਕਤਾ ਦੀਆਂ ਪੌੜੀਆਂ ਚੜ੍ਹਕੇ ਮਨੁੱਖ ਦੀ ਹੋਂਦ ਨੂੰ ਨਿਰਧਾਰਿਤ ਕਰਨ ਲਈ ਧਰਮ, ਨਸਲ, ਜਾਤ ਆਦਿ ਮੁੱਲਾਂ ਦਾ ਸਹਾਰਾ ਲਿਆ। ਅਜਿਹੇ ਵਿਤਕਰੇ ਵਾਲੇ ਵਿਚਾਰਾਂ ਨੇ ਨਾ ਸਿਰਫ਼ ਮਨੁੱਖ ਦੀ ਹੋਂਦ ਨੂੰ ਸੀਮਿਤ ਕੀਤਾ, ਸਗੋਂ ਮਨੁੱਖ ਦੇ ਅਸਤਿਤ੍ਵ ਨੂੰ ਉੱਚਾ ਚੁੱਕਣ ਵਾਲੇ ਹੋਰ ਜੀਵਨ ਮੁੱਲਾਂ ਨੂੰ ਅਰਾਜਕਤਾ ਦੇ ਰਾਹ ਵੀ ਪਾਇਆ। ਉਦਾਹਰਨ ਲਈ ਹਿਟਲਰ ਦੇ ਸ਼ਾਸਨ ਦੌਰਾਨ ਜਰਮਨੀ ਵਿੱਚ ਯਹੂਦੀਆਂ ਨਾਲ ਰਾਜਨੀਤਿਕ ਸਰੋਕਾਰਾਂ ਲਈ ਕੀਤੀ ਗਈ 'ਹਿੰਸਾ' ਨੂੰ ਵਿਚਾਰਿਆ ਜਾ ਸਕਦਾ ਹੈ, ਜਿਸ ਵਿੱਚ ਧਾਰਮਿਕ ਪਹਿਚਾਣ ਨੂੰ ਹਿੰਸਾ ਦਾ

ਆਧਾਰ ਬਣਾਇਆ ਗਿਆ। ਅਜਿਹੀਆਂ ਪਰਿਸਥਿਤੀਆਂ ਦੇ ਅੰਤਰਗਤ ਅਸਤਿਤ੍ਵਵਾਦੀ ਚਿੰਤਨ ਹੋਂਦ ਗ੍ਰਹਿਣ ਕਰਦਾ ਹੈ। ਅਸਤਿਤ੍ਵਵਾਦੀ ਚਿੰਤਨ ਮਨੁੱਖ ਦੀ ਹੋਂਦ ਨੂੰ ਵਿਸ਼ੇਸ਼ ਮੰਨਦਾ ਹੋਇਆ ਉਸਨੂੰ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਪਹਿਚਾਣਾਂ ਦੁਆਰਾ ਫੈਲਾਈ ਜਾ ਰਹੀ ਅਰਾਜਕਤਾ ਤੋਂ ਮੁਕਤ ਕਰਨ ਦਾ ਯਤਨ ਕਰਦਾ ਹੈ। ਇਸ ਅਵਿਧਾਰਨਾ ਦੀ ਪੁਸ਼ਟੀ ਪ੍ਰਸਿੱਧ ਅਸਤਿਤ੍ਵਵਾਦੀ ਚਿੰਤਕ ਯਾਂ ਪਾਲ ਸਾਰਤਰ ਆਪਣੇ ਪ੍ਰਸਿੱਧ ਲੇਖ 'Existentialism is Humanism'[1] ਵਿੱਚ ਕਰਦਾ ਹੈ। ਅਸਲ ਵਿੱਚ, ਸਾਰਤਰ ਲਈ ਮਨੁੱਖਤਾਵਾਦ ਦਾ ਦੂਸਰਾ ਨਾਂ ਅਸਤਿਤ੍ਵਵਾਦ ਹੀ ਹੈ। ਇਸ ਵਿਚਾਰ ਪਿੱਛੇ ਦਾਰਸ਼ਨਿਕ ਪਹਿਲੂ ਇਹ ਹੈ ਕਿ ਉਹ ਮਨੁੱਖੀ ਅਸਤਿਤ੍ਵ ਨੂੰ 'ਮਨੁੱਖ ਦੇ ਹੋਣ' ਦਾ ਆਧਾਰ ਮੰਨਦਾ ਹੈ।

ਪੱਛਮ ਵਿੱਚ ਆਧੁਨਿਕਤਾਵਾਦ ਬੌਧਿਕ ਜਾਗ੍ਰਿਤੀ ਲਹਿਰ ਤੋਂ ਪੈਦਾ ਹੁੰਦਾ ਹੈ। ਬੌਧਿਕ ਜਾਗ੍ਰਿਤੀ ਲਹਿਰ ਮਨੁੱਖ ਦੇ ਜੀਵਨ ਨੂੰ ਧਾਰਮਿਕ ਅੰਧ ਵਿਸ਼ਵਾਸਾਂ ਅਤੇ ਰੂੜ੍ਹੀਵਾਦੀ ਵਿਚਾਰਾਂ ਤੋਂ ਬਚਾਉਣ ਲਈ ਵਿਗਿਆਨ ਦਾ ਸਮਰਥਨ ਕਰਦੀ ਹੈ। ਆਧੁਨਿਕਤਾਵਾਦ ਦੀ ਵਿਗਿਆਨਵਾਦੀ ਸੋਚ, ਚਿੰਤਨ ਦਾ ਆਧਾਰ ਰੱਬ ਦੀ ਬਜਾਇ ਮਨੁੱਖ ਅਤੇ ਉਸ ਦੇ ਜੀਵਨ ਨੂੰ ਮੰਨਦੀ ਹੈ। ਆਧੁਨਿਕਤਾਵਾਦ ਦੇ ਪ੍ਰਮੁੱਖ ਚਿੰਤਕ ਰੈਨੇ ਡੇਕਾਰਟ ਮਨੁੱਖ ਦੀ ਹੋਂਦ ਨੂੰ ਉਸਦੀ ਸੋਚਣ ਪ੍ਰਕਿਰਿਆ ਰਾਹੀਂ ਪ੍ਰਮਾਣਿਤ ਕਰਦਾ ਹੈ। ਉਸ ਦਾ ਕਥਨ ਹੈ ਕਿ, "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ।"[2] ਪਰ ਸਾਰਤਰ ਡੇਕਾਰਟ ਦੇ ਇਸ ਕਥਨ ਨਾਲ ਸੰਵਾਦ ਰਚਾਉਂਦਿਆਂ ਕਹਿੰਦਾ ਹੈ ਕਿ ਸੋਚਣ ਲਈ ਹੋਂਦ ਦਾ ਹੋਣਾ ਪਹਿਲੀ ਸ਼ਰਤ ਹੈ ਇਸ ਲਈ ਉਸਦਾ ਵਿਚਾਰ ਹੈ ਕਿ, "ਮੈਂ ਹਾਂ, ਇਸ ਲਈ ਮੈਂ ਸੋਚਦਾ ਹਾਂ।"[3] ਇਸੇ ਤਰ੍ਹਾਂ ਸਾਰਤਰ ਮਨੁੱਖ ਨੂੰ ਪਰਿਭਾਸ਼ਿਤ ਕਰਦਿਆਂ ਲਿਖਦਾ ਹੈ ਕਿ ਉਸਦਾ ਅਸਤਿਤ੍ਵ ਹੀ ਪਹਿਲਾ ਆਧਾਰ ਹੋਣਾ ਚਾਹੀਦਾ ਹੈ। ਉਸਦਾ ਕਥਨ ਹੈ ਕਿ, "ਹੋਂਦ ਸਾਰ ਤੋਂ ਪਹਿਲਾਂ ਹੈ।"[4] ਆਧੁਨਿਕਤਾਵਾਦੀ ਦਰਸ਼ਨ ਲਈ ਕਿਸੇ ਵੀ ਮਨੁੱਖ ਅਤੇ ਵਸਤ ਦਾ ਸੱਚ ਉਸਦੀ ਹੋਂਦ ਦੀ ਥਾਂ ਉਸਦੇ ਸਾਰ-ਰੂਪ ਵਿੱਚ ਪਿਆ ਹੈ। ਮਨੁੱਖ ਅਤੇ ਵਸਤ ਦਾ ਸੁਭਾਉ ਅਤੇ ਉਸ ਬਾਰੇ ਵਿਚਾਰ ਉਸਦੇ ਸਾਰ ਨੂੰ ਜਾਣਕੇ ਹੀ ਦਿੱਤਾ ਜਾ ਸਕਦਾ ਹੈ। ਇਸ ਸਾਰੀ ਪ੍ਰਕਿਰਿਆ ਤੋਂ ਬਾਅਦ ਹੀ ਮਨੁੱਖ ਅਤੇ ਵਸਤ ਦੀ ਹੋਂਦ ਬਾਰੇ ਕੁਝ ਦੱਸਿਆ ਜਾ ਸਕਦਾ ਹੈ। ਪਰ ਅਸਤਿਤ੍ਵਵਾਦ ਅਨੁਸਾਰ ਇਹ ਪ੍ਰਵਿਰਤੀ ਗਲਤ ਹੈ। ਸਾਨੂੰ ਪਹਿਲਾਂ ਮਨੁੱਖ ਅਤੇ ਵਸਤ ਦੀ ਹੋਂਦ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਦੀ ਹੋਂਦ ਹੀ ਅਗਲੇ ਬੌਧਿਕ ਕਾਰਜ ਨੂੰ ਨਿਸ਼ਚਿਤ ਕਰਦੀ ਹੈ। ਸੋ, ਇਸ ਲਈ ਮਨੁੱਖ ਨੂੰ ਪਰਿਭਾਸ਼ਿਤ ਕਰਨ ਲਈ ਪਹਿਲਾਂ ਉਸਦੇ ਸਾਰ-ਰੂਪ ਜਾਂ ਕਿਸੇ ਵਿਚਾਰਧਾਰਾ ਦੀ ਜ਼ਰੂਰਤ ਨਹੀਂ ਹੈ, ਸਭ ਤੋਂ ਪਹਿਲਾਂ ਕਾਰਜ ਮਨੁੱਖ ਦੇ ਅਸਤਿਤ੍ਵ ਨੂੰ ਮੰਨਣਾ ਹੀ ਹੈ ਕਿ ਉਹ ਹੋਂਦ ਰੱਖਦਾ ਹੈ। ਅਸਤਿਤ੍ਵਵਾਦ ਦਾ ਪਿਤਾਮਾ ਸੋਰੇਨ ਕਿਰਕੇਗਾਰਦ ਨੂੰ ਮੰਨਿਆ ਜਾਂਦਾ ਹੈ। ਕਿਰਕੇਗਾਰਦ, ਨੀਟਸ਼ੇ, ਦੋਸਤੋਵਸਕੀ, ਮਾਰਟਿਨ ਬੂਬਰ, ਸਾਰਤਰ ਆਦਿ ਇਸ ਲਹਿਰ ਦੇ ਪ੍ਰਮੁੱਖ ਚਿੰਤਕ ਅਤੇ ਸਾਹਿਤਕਾਰ ਮੰਨੇ ਜਾਂਦੇ ਹਨ। ਸਾਰਤਰ ਨੂੰ ਅਸਤਿਤ੍ਵਵਾਦ ਦਾ ਪ੍ਰਮੁੱਖ ਚਿੰਤਕ ਹੈ ਇਸੇ ਕਰਕੇ ਅਸਤਿਤਵਾਦ ਨੂੰ ਸਾਰਤਰਵਾਦ ਦਾ ਨਾਮ ਵੀ ਦਿੱਤਾ ਗਿਆ ਹੈ।

ਅਸਤਿਤ੍ਵਵਾਦ, "ਇੱਕ ਦਾਰਸ਼ਨਿਕ ਸਿਧਾਂਤ ਜਾਂ ਪਹੁੰਚ ਹੈ ਜੋ ਮਨੁੱਖ ਦੀ ਹੋਂਦ ਨੂੰ ਆਜ਼ਾਦ ਅਤੇ ਆਪਣੇ ਸਵੈ ਨੂੰ ਇੱਛਾ ਨਾਲ ਘੜਣ ਉੱਤੇ ਜ਼ੋਰ ਦਿੰਦਾ ਹੈ।"[5] ਮਨੁੱਖ ਦੀ ਹੋਂਦ ਨੂੰ ਆਜ਼ਾਦ ਕਹਿਣ ਤੋਂ ਭਾਵ ਹਰ ਪ੍ਰਕਾਰ ਦੇ ਪ੍ਰਵਚਨ ਅਤੇ ਪਹਿਚਾਣ ਤੋਂ ਮੁਕਤ ਹੋਣ ਤੋਂ ਹੈ। ਆਜ਼ਾਦੀ ਦੇ ਨਾਲ ਹੀ ਅਸਤਿਤ੍ਵਵਾਦ ਮਨੁੱਖ ਨੂੰ ਉਸਦੇ ਸਵੈ ਦੇ ਵਿਕਾਸ ਲਈ ਜ਼ਿੰਮੇਦਾਰ ਵੀ ਮੰਨਦਾ ਹੈ। ਇਸੇ ਤਰ੍ਹਾਂ "ਅਸਤਿਤ੍ਵਵਾਦ ਨੂੰ ਅਜਿਹੇ ਦਾਰਸ਼ਨਿਕ ਸਿਧਾਂਤ ਵਜੋਂ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਪ੍ਰਮਾਣਿਕਤਾ ਦੇ ਆਦਰਸ਼ ਵਿਚੋਂ ਪੈਦਾ ਹੋਏ ਪਰਿਪੇਖਾਂ ਰਾਹੀਂ ਮਨੁੱਖ ਦੀ ਹੋਂਦ ਨੂੰ ਸਮਝਣ ਦਾ ਯਤਨ ਕਰਦਾ ਹੈ।"[6] ਪ੍ਰਮਾਣਿਕਤਾ ਦਾ ਭਾਵ ਮਨੁੱਖ ਦੀ ਹੋਂਦ ਨੂੰ ਕਿਸੇ ਵਿਸ਼ਵ-ਵਿਆਪੀ ਮਾਡਲ ਵਿੱਚ ਸਥਾਪਿਤ ਕਰਨ ਦੀ ਥਾਂ ਹਰ ਮਨੁੱਖ ਦੀ ਹੋਂਦ ਨੂੰ ਵਿਸ਼ੇਸ਼ ਅਤੇ ਵਿਭਿੰਨ ਮੰਨਣ ਵਿੱਚ ਹੈ। ਅਸਤਿਤ੍ਵਵਾਦ ਲਈ ਮਨੁੱਖ ਦੀ ਹੋਂਦ ਉਸ ਸਮੇਂ ਤੱਕ ਪ੍ਰਮਾਣਿਕ ਨਹੀਂ ਹੁੰਦੀ ਜਦੋਂ ਤੱਕ ਉਸਨੂੰ ਵਿਸ਼ੇਸ਼ ਅਤੇ ਵਿਭਿੰਨ ਨਾ ਮੰਨਿਆ ਜਾਵੇ।

ਇਸ ਕਥਨ ਨੂੰ ਹੋਰ ਸਪਸ਼ਟ ਕਰਨ ਲਈ ਚੋਣ ਦੇ ਸੰਕਲਪ ਨੂੰ ਸਮਝਣਾ ਜ਼ਰੂਰੀ ਹੈ। ਹਰ ਮਨੁੱਖ ਆਪਣੇ ਸਵੈ ਨੂੰ ਆਪਣੇ ਜੀਵਨ ਵਿੱਚ ਕੀਤੀਆਂ ਚੋਣਾਂ ਰਾਹੀਂ ਹੀ ਘੜਦਾ ਹੈ। ਹਰ ਮਨੁੱਖ ਦੀ ਚੋਣ ਅਤੇ ਉਸਦਾ ਨਤੀਜਾ ਵਿਭਿੰਨ ਹੁੰਦਾ ਹੈ। ਇੰਜ, ਸਪਸ਼ਟ ਹੁੰਦਾ ਹੈ ਕਿ ਹਰ ਮਨੁੱਖੀ ਸਵੈ ਵਿਭਿੰਨ ਹੁੰਦਾ ਹੈ। ਸੋ, ਅਸਤਿਤ੍ਵਵਾਦ ਦੇ ਹੇਠ ਲਿਖੇ ਪਹਿਲੂਆਂ ਨੂੰ ਸੰਖੇਪ ਵਿੱਚ ਵਿਚਾਰ ਕੇ ਹੀ ਅਸੀਂ ਇੱਛੂਪਾਲ ਦੀ ਅਸਤਿਤ੍ਵੀ ਕਾਵਿ ਸੰਵੇਦਨਾ ਨੂੰ ਪ੍ਰਗਟਾਉਣ ਦਾ ਯਤਨ ਕਰਾਂਗੇ।

**ੳ.** ਆਜ਼ਾਦੀ

**ਅ.** ਚੋਣ

**ੲ.** ਜ਼ਿੰਮੇਦਾਰੀ

**ਸ.** ਪ੍ਰਮਾਣਿਕਤਾ

(ੳ)

ਆਜ਼ਾਦੀ ਆਧੁਨਿਕਤਾਵਾਦੀ ਚਿੰਤਨ ਦੇ ਪ੍ਰਮੁੱਖ ਸੰਕਲਪਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਆਧੁਨਿਕਤਾਵਾਦ ਵਿੱਚ ਮਨੁੱਖ ਲਈ ਆਜ਼ਾਦ ਹੋਣ ਤੋਂ ਭਾਵ ਬੌਧਿਕ ਹੋਣ ਤੋਂ ਹੈ। ਆਧੁਨਿਕਤਾਵਾਦ ਤੋਂ ਪੈਦਾ ਹੋਈ ਬੌਧਿਕ ਜਾਗ੍ਰਿਤੀ ਲਹਿਰ ਇਹ ਨਾਅਰਾ ਦਿੰਦੀ ਹੈ ਕਿ "ਆਪਣੇ ਵਿਵੇਕ ਦਾ ਇਸਤੇਮਾਲ ਕਰਨ ਦੀ ਹਿੰਮਤ ਕਰੋ।"[7] ਇਹ ਨਾਅਰਾ ਮਨੁੱਖ ਨੂੰ ਆਪਣੀ ਬੌਧਿਕ ਸਮਰੱਥਾ ਨੂੰ ਸੁਤੰਤਰ ਰੂਪ ਵਿੱਚ ਵਰਤਣ ਲਈ ਪ੍ਰੇਰਦਾ ਹੈ। ਪਰ ਅਸਤਿਤ੍ਵਵਾਦ ਇਸ ਤੋਂ ਵਿਭਿੰਨ ਢੰਗ ਨਾਲ ਆਜ਼ਾਦੀ ਦੀ ਸੰਕਲਪਨਾ ਕਰਦਾ ਹੈ। ਸਾਰਤਰ ਲਈ ਆਜ਼ਾਦੀ ਮਨੁੱਖ ਦੀ ਹੋਂਦ ਲਈ ਸਿਰਫ਼ ਤੋਹਫ਼ਾ ਨਹੀਂ ਹੈ, ਸਗੋਂ ਇਹ ਇੱਕ ਸ਼ਰਾਪ ਵੀ ਹੈ। ਉਹ ਆਜ਼ਾਦੀ ਦੀ ਹੋਂਦ ਤੋਂ ਮੁਨਕਰ ਨਹੀਂ ਹੈ ਅਤੇ ਨਾ ਹੀ ਅਸਤਿਤ੍ਵਵਾਦ ਮਨੁੱਖ ਦੀ ਆਜ਼ਾਦੀ ਦਾ ਵਿਰੋਧ ਕਰਦਾ ਹੈ। ਪਰ ਅਸਤਿਤਵਾਦੀ ਚਿੰਤਨ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਮਨੁੱਖ ਨੂੰ ਆਪਣੇ ਸਵੈ ਦਾ ਆਪ ਨਿਰਮਾਣ ਕਰਨਾ ਪਵੇਗਾ। ਆਜ਼ਾਦ ਹੋਣ ਤੋਂ ਭਾਵ ਸਿਰਫ਼ ਰੂੜ੍ਹੀਵਾਦੀ ਅਤੇ ਪਿੱਤਰ-ਸੱਤਾ ਤੋਂ ਆਜ਼ਾਦੀ ਨਹੀਂ ਹੈ, ਸਗੋਂ ਹਰ ਤਰ੍ਹਾਂ ਨਾਲ ਆਜ਼ਾਦ ਹੋਣਾ ਹੈ। ਅਜਿਹੀ ਅਸੀਮਿਤ ਆਜ਼ਾਦੀ ਮਨੁੱਖ ਨੂੰ ਚਿੰਤਾ ਅਤੇ ਤੌਖ਼ਲੇ ਦਾ ਸ਼ਿਕਾਰ ਬਣਾ ਦਿੰਦੀ ਹੈ। ਪੂਰੀ ਤਰ੍ਹਾਂ ਆਜ਼ਾਦ ਹੋਣ ਤੋਂ ਭਾਵ ਅਜਿਹਾ ਜੀਵਨ ਜਿਸ ਵਿੱਚ ਮਨੁੱਖ ਆਪਣੇ ਹਰ ਫੈਸਲੇ ਲਈ ਸੁਤੰਤਰ ਹੈ ਜੋ ਕਿ ਚਿੰਤਾ ਨੂੰ ਪੈਦਾ ਕਰਦਾ ਹੈ। ਅਸਤਿਤ੍ਵਵਾਦੀ ਚਿੰਤਕਾਂ ਦੀ ਸਾਂਝੀ ਰਾਇ ਹੈ ਕਿ ਜਦੋਂ ਮਨੁੱਖ ਕਿਸੇ ਵਿਸ਼ੇਸ਼ ਧਰਮ, ਰਾਜਨੀਤਿਕ ਜਾਂ ਸਮਾਜਿਕ ਸੱਤਾ ਤੋਂ ਆਜ਼ਾਦੀ ਦੀ ਗੱਲ ਕਰਦਾ ਹੈ ਤਾਂ ਉਹ ਕਿਸੇ ਹੋਰ ਵਿਚਾਰਧਾਰਾ ਅਨੁਸਾਰ ਜਿਉਣ ਨੂੰ ਆਦਰਸ਼ ਮੰਨਦਾ ਹੈ। ਭਾਵ ਕਿ ਉਹ ਸੰਪੂਰਨ ਰੂਪ ਵਿੱਚ ਆਜ਼ਾਦ ਹੋਣ ਦੀ ਥਾਂ ਕਿਸੇ ਹੋਰ ਆਦਰਸ਼ਕ ਲਗਣ ਵਾਲੀ ਵਿਚਾਰਧਾਰਾ ਨੂੰ ਆਪਣੀ ਆਜ਼ਾਦੀ ਸਮਰਪਿਤ ਕਰਨਾ ਚਾਹੁੰਦਾ ਹੈ। ਪਰ ਆਜ਼ਾਦ ਹੋਣ ਤੋਂ ਭਾਵ ਤਾਂ ਸੰਪੂਰਨ ਆਜ਼ਾਦੀ ਤੋਂ ਹੈ ਇਸ ਲਈ ਸੰਪੂਰਨ ਆਜ਼ਾਦੀ ਮਨੁੱਖ ਨੂੰ ਮਜਬੂਰ ਕਰਦੀ ਹੈ ਕਿ ਉਹ ਕਿਸੇ ਵੀ ਵਿਚਾਰਧਾਰਾ ਦੀ ਥਾਂ ਆਪਣੇ ਫੈਸਲੇ ਆਪ ਲਵੇ। ਇਹ ਸੰਕਲਪ ਅੱਗੇ ਜਾ ਕੇ ਚੋਣ ਦੇ ਸੰਕਲਪ ਨਾਲ ਜੁੜ ਜਾਂਦਾ ਹੈ।

(ਅ)

ਸੰਪੂਰਨ ਆਜ਼ਾਦੀ ਵਿੱਚੋਂ ਮਨੁੱਖ ਦੇ ਅਸਤਿਤ੍ਵ ਲਈ ਜੋ ਖਦਸ਼ਾ ਪੈਦਾ ਹੁੰਦਾ ਹੈ, ਉਸਦਾ ਵੱਡਾ ਕਾਰਨ 'ਚੋਣ' ਦਾ ਮਸਲਾ ਹੈ। ਇਸ ਸੰਕਲਪ ਨੂੰ 'ਚੋਣ ਦੀ ਸੁਤੰਤਰਤਾ' ਵੀ ਕਿਹਾ ਜਾਂਦਾ ਹੈ। ਸਾਰਤਰ ਅਨੁਸਾਰ ਮਨੁੱਖ ਚੋਣ ਕਰਨ ਤੋਂ ਨਹੀਂ ਬਚ ਸਕਦਾ। ਉਸਦਾ ਮੰਨਣਾ ਹੈ ਕਿ, ਅਸੀਂ ਹਰ ਸਮੇਂ ਚੋਣ ਕਰ ਰਹੇ ਹੁੰਦੇ ਹਾਂ। ਇਹ ਇੱਕ ਅਜਿਹਾ ਵਰਤਾਰਾ ਹੈ ਜੋ ਨਿਰੰਤਰ ਚਲਦਾ ਰਹਿੰਦਾ ਹੈ ਅਤੇ ਵਿਅਕਤੀ ਦੇ ਸਵੈ ਨੂੰ ਪ੍ਰਭਾਵਿਤ ਕਰਦਾ ਹੈ। 'ਮਨੁੱਖ ਜਦੋਂ ਵੀ ਚੋਣ ਕਰਦਾ ਹੈ ਤਾਂ ਉਸਦੇ ਸਾਹਮਣੇ ਤਿੰਨ ਪ੍ਰਕਾਰ ਦੇ ਰਾਹ ਹੁੰਦੇ ਹਨ, ਚੋਣ ਕਰਨਾ, ਨਾ ਕਰਨਾ ਅਤੇ ਚੋਣ ਪ੍ਰਕਿਰਿਆ ਨੂੰ ਹੀ ਖਾਰਜ ਕਰਨਾ।"[8] ਇਸ ਨੂੰ ਅਸੀਂ ਉਦਾਹਰਨ ਰਾਹੀਂ ਇਸ ਤਰ੍ਹਾਂ ਸਪਸ਼ੱਟ ਕਰਦੇ ਹਾਂ ਕਿ ਜਿਵੇਂ ਸਾਨੂੰ

ਕੋਈ ਭੋਜਨ ਕਰਨ ਲਈ ਸੱਦਾ ਦੇਵੇ ਤਾਂ ਅਸੀਂ ਪ੍ਰਤੀਕਰਮ ਵਜੋਂ ਸੱਦੇ ਨੂੰ ਸਵੀਕਾਰਨ, ਨਾ ਸਵੀਕਾਰਨ ਅਤੇ ਇਸਦੇ ਨਾਲ ਹੀ ਕਿਸੇ ਵੀ ਪ੍ਰਕਾਰ ਦਾ ਪ੍ਰਤੀਕਰਮ ਨਾ ਦੇਣ ਲਈ ਆਜ਼ਾਦ ਹੁੰਦੇ ਹਾਂ। ਪਰ ਪ੍ਰਤੀਕਰਮ ਨਾ ਕਰਨਾ ਵੀ ਇੱਕ ਖ਼ਾਸ ਢੰਗ ਨਾਲ ਚੋਣ ਕਰਨਾ ਹੀ ਹੁੰਦਾ ਹੈ। ਅਸਤਿਤਵਾਦੀ ਚਿੰਤਨ ਮੁਤਾਬਕ ਅਸੀਂ ਚੋਣ ਕਰਨ ਲਈ ਬੱਝੇ ਹੁੰਦੇ ਹਾਂ ਜੀਵਨ ਦੇ ਹਰ ਪੜਾਅ 'ਤੇ ਮਨੁੱਖ ਨੂੰ ਇਨ੍ਹਾਂ ਤਿੰਨ ਰਾਹਾਂ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪੈਂਦਾ ਹੈ। ਚੋਣ ਕਰਨ ਜਾਂ ਨਾ ਕਰਨ ਤੋਂ ਬਾਅਦ ਸਾਡੇ ਸਵੈ ਉੱਤੇ ਇਸਦਾ ਕੀ ਅਸਰ ਪੈਂਦਾ ਹੈ ? ਇਸ ਨੂੰ ਸਮਝਣ ਲਈ ਅਗਲੇ ਸੰਕਲਪ 'ਜ਼ਿੰਮੇਦਾਰੀ' ਨੂੰ ਸਮਝਣਾ ਜ਼ਰੂਰੀ ਹੈ।

(ੲ)

ਵਿਅਕਤੀ ਜਿੱਥੇ ਆਪਣੀ 'ਚੋਣ ਦੀ ਸੁਤੰਤਰਤਾ' ਤੋਂ ਮੁਕਤ ਨਹੀਂ ਹੈ, ਉੱਥੇ ਉਹ ਇਸਦੇ ਪਰਿਣਾਮ ਤੋਂ ਵੀ ਮੁਕਤ ਨਹੀਂ ਹੋ ਸਕਦਾ। ਉਪਰੋਕਤ ਭੋਜਨ ਦੇ ਸੱਦੇ ਵਾਲੀ ਉਦਾਹਰਨ ਲਈ ਅਸੀਂ ਜਿਹੜੀ ਵੀ ਚੋਣ ਕਰਦੇ ਹਾਂ ਸਾਨੂੰ ਉਸਦੇ ਪਰਿਣਾਮ ਲਈ ਵੀ ਤਿਆਰ ਹੋਣਾ ਪੈਂਦਾ ਹੈ। ਇਸੇ ਨੂੰ 'ਜ਼ਿੰਮੇਦਾਰੀ' ਕਹਿੰਦੇ ਹਨ। ਵਿਅਕਤੀ ਜੋ ਵੀ ਚੁਣਦਾ ਹੈ ਉਹ ਹੀ ਉਸ ਲਈ ਜ਼ਿੰਮੇਦਾਰ ਹੈ ਕਿਉਂਕਿ ਇਸ ਚੋਣ ਦਾ ਪ੍ਰਭਾਵ ਉਸਦੇ ਸਵੈ ਉੱਤੇ ਪੈਣਾ ਹੈ। ਅਸੀਂ ਜਦੋਂ ਆਪਣੀ ਚੋਣ ਦੇ ਪਰਿਣਾਮ ਦੀ ਜ਼ਿੰਮੇਦਾਰੀ ਤੋਂ ਭੱਜਦੇ ਹਾਂ ਤਾਂ ਤੌਖਲੇ ਅਤੇ ਡਰ ਤੋਂ ਪੀੜਤ ਹੋ ਜਾਂਦੇ ਹਾਂ। ਅਜਿਹੀਆਂ ਪਰਿਸਥਿਤੀਆਂ ਸਾਡੇ ਸਾਹਮਣੇ ਅਸਤਿਤ੍ਵੀ ਸੰਕਟ ਖੜ੍ਹਾ ਕਰ ਦਿੰਦੀਆਂ ਹਨ। ਵਿਅਕਤੀ ਦੁਆਰਾ ਆਪਣੀ ਚੋਣ ਲਈ ਜ਼ਿੰਮੇਦਾਰ ਹੋਣ ਦੀ ਸਮਰੱਥਾ ਹੀ ਉਸ ਦੇ ਸਵੈ ਦਾ ਵਿਕਾਸ ਨਿਸ਼ਚਿਤ ਕਰਦੀ ਹੈ। ਉਦਾਹਰਨ ਲਈ ਕਸ਼ਮੀਰ ਸੰਕਟ ਦੌਰਾਨ ਕਸ਼ਮੀਰ ਵਿੱਚ ਹਰ ਵਰਗ ਅੱਗੇ ਨਾ ਸਿਰਫ਼ ਚੋਣ ਕਰਨ ਦਾ ਭਾਰ ਸੀ, ਸਗੋਂ ਕੀਤੀ ਚੋਣ ਲਈ ਜ਼ਿੰਮੇਦਾਰ ਹੋਣ ਦਾ ਵੀ ਭਾਰ ਸੀ। ਦਹਿਸ਼ਤਗਰਦ ਦਾ ਹਮਾਇਤੀ ਬਨਣਾ, ਉਸ ਤੋਂ ਬਚਣਾ ਅਤੇ ਕਸ਼ਮੀਰ ਨੂੰ ਹੀ ਛੱਡ ਦੇਣਾ ਇਹ ਉਸ ਸਮੇਂ ਦੀ ਚੋਣ ਕਹੀ ਜਾ ਸਕਦੀ ਹੈ। ਪੀੜਤ ਵਰਗ ਵਿੱਚੋਂ ਜਿਹੜੇ ਲੋਕ ਵਿਸਥਾਪਨ ਕਰ ਰਹੇ ਸਨ, ਉਹ ਦੂਸਰੇ ਸਭਿਆਚਾਰ ਦਾ ਪੂਰੀ ਤਰ੍ਹਾਂ ਹਿੱਸਾ ਨਾ ਬਣਕੇ ਅਜਨਬੀਕਰਣ ਨੂੰ ਭੋਗਣ ਲਈ ਜ਼ਿੰਮੇਦਾਰ ਸਨ। ਇਸੇ ਤਰ੍ਹਾਂ ਜੋ ਵਿਸਥਾਪਨ ਦੀ ਚੋਣ ਨਾ ਕਰ ਪਾਏ, ਉਹ ਆਪਣੇ ਕਤਲ ਜਾਂ ਕਤਲ ਹੋਣ ਦੇ ਡਰ ਵਿੱਚ ਜਿਊਣ ਲਈ ਜ਼ਿੰਮੇਦਾਰ ਸਨ।

(ਸ)

ਅਸਤਿਤ੍ਵਵਾਦ ਵਿੱਚ ਮਨੁੱਖ ਦੀ ਹੋਂਦ ਆਪਣਾ ਆਦਰਸ਼ 'ਪ੍ਰਮਾਣਿਕਤਾ' ਰਾਹੀਂ ਹੀ ਹਾਸਿਲ ਕਰ ਸਕਦੀ ਹੈ। 'ਪ੍ਰਮਾਣਿਕਤਾ' ਜਾਂ 'ਪ੍ਰਮਾਣਿਕ ਹੋਂਦ' ਉਪਰੋਕਤ ਤਿੰਨਾਂ ਸੰਕਲਪਾਂ ਨਾਲ ਜੁੜੀ ਹੋਈ ਹੈ। ਮਨੁੱਖ ਆਜ਼ਾਦ ਹੈ। ਪਰ ਅਸੀਂ ਜਦੋਂ ਤੱਕ ਆਜ਼ਾਦੀ ਨੂੰ ਸੰਪੂਰਨ ਆਜ਼ਾਦੀ ਨਹੀਂ ਮੰਨਦੇ ਤਾਂ ਅਸੀਂ ਅਪ੍ਰਮਾਣਿਕ ਹੋਂਦ ਵਿੱਚ ਜਿਊਂਦੇ ਹਾਂ। ਜਿਸ ਵਿੱਚ ਸਾਡੀ ਆਜ਼ਾਦੀ ਕਿਸੇ ਵਿਚਾਰਧਾਰਾ ਜਾਂ ਸਮੂਹ ਦੇ ਹੱਥ ਵਿੱਚ ਹੁੰਦੀ ਹੈ। ਇਸੇ ਪ੍ਰਕਾਰ ਚੋਣ ਦੀ ਸੁਤੰਤਰਤਾ ਵੀ ਸਵੈ ਦੀ ਸੰਪੂਰਨ ਆਜ਼ਾਦੀ ਉੱਤੇ ਨਿਰਭਰ ਕਰਦੀ ਹੈ। ਵਿਅਕਤੀ ਆਪਣੀ ਆਜ਼ਾਦੀ ਨੂੰ ਜਦੋਂ ਸਵੀਕਾਰ ਕਰ ਸਮਾਜਿਕ ਜਾਂ ਹੋਰ ਬਾਹਰੀ ਸੱਤਾ ਤੋਂ ਮਿਲਦੀ ਪਹਿਚਾਣ ਦੀ ਥਾਂ ਸਵੈ ਲਈ ਚੋਣ ਕਰਦਾ ਹੈ ਤਾਂ ਉਹ 'ਪ੍ਰਮਾਣਿਕ ਚੋਣ' ਕਰ ਸਕਦਾ ਹੈ। ਪ੍ਰਮਾਣਿਕ ਚੋਣ, ਆਪਣੀ ਚੋਣ ਲਈ ਜ਼ਿੰਮੇਦਾਰ ਹੋਣ ਵਿੱਚ ਹੈ। ਵਿਅਕਤੀ ਜਦੋਂ ਚੋਣ ਦੀ ਜ਼ਿੰਮੇਦਾਰੀ ਤੋਂ ਭੱਜਦਾ ਹੈ ਤਾਂ ਉਹ 'ਬੁਰੇ-ਵਿਸ਼ਵਾਸ'[9] ਵਿੱਚ ਫਸ ਜਾਂਦਾ ਹੈ। ਉਦਾਹਰਨ ਲਈ ਭਾਰਤ ਜਿਹੇ ਪਿੱਤਰ-ਸੱਤਾ ਵਾਲੇ ਸਮਾਜ ਵਿੱਚ ਔਰਤ ਨੂੰ ਆਪਣੀ ਚੋਣ ਦੀ ਜ਼ਿੰਮੇਦਾਰੀ ਲਈ ਹਮੇਸ਼ਾ ਤਿਆਰ ਰਹਿਣਾ ਪੈਂਦਾ ਹੈ। ਆਧੁਨਿਕੀਕਰਨ ਜਿਹੇ ਵਰਤਾਰਿਆਂ ਵਿੱਚ ਔਰਤ ਨੂੰ ਮਰਦ ਬਰਾਬਰ ਨੌਕਰੀ ਕਰਨ ਦੇ ਅਨੇਕ ਅਵਸਰ ਤਾਂ ਮਿਲਦੇ ਹਨ। ਪਰ ਇਸਦੇ ਸਮਾਨਾਂਤਰ ਹੀ ਔਰਤ ਦੀ ਦੇਹ ਨੂੰ ਮੰਡੀ ਦੀ ਜਿਨਸ ਬਣਾਕੇ ਨਿਰੰਤਰ ਵਰਤਿਆ ਵੀ ਜਾ ਰਿਹਾ ਹੈ। ਇਸ ਲਈ ਇਸ ਨੂੰ ਲਿੰਗਕ-ਭੇਦਭਾਵ ਦਾ ਖਾਤਮਾ ਸਮਝ ਲੈਣਾ, ਔਰਤ ਨੂੰ 'ਬੁਰੇ ਵਿਸ਼ਵਾਸ' ਵਿੱਚ ਸੁੱਟ ਸਕਦਾ ਹੈ। ਸਾਰਤਰ ਲਈ ਪ੍ਰਮਾਣਿਕਤਾ ਮਨੁੱਖ ਦਾ ਆਪਣੇ ਸਵੈ ਦੇ ਅਸਤਿਤ੍ਵ ਅਤੇ

ਇਸਦੀ ਚੋਣ ਦੀ ਆਜ਼ਾਦੀ ਨੂੰ ਮੰਨਣ ਵਿੱਚ ਹੈ। ਇਸ ਨਾਲ ਵਿਅਕਤੀ ਆਪਣੇ ਸਵੈ ਦਾ ਵਿਕਾਸ ਸਾਰਥਕ ਢੰਗ ਨਾਲ ਕਰ ਸਕਦਾ ਹੈ। 'ਵਿਅਕਤੀ ਨੂੰ 'ਹੋਂਦ ਆਪਣੇ ਆਪ ਵਿੱਚ' ਦੀ ਥਾਂ 'ਹੋਂਦ ਆਪਣੇ ਆਪ ਲਈ' ਦਾ ਧਾਰਨੀ ਹੋਣਾ ਚਾਹੀਦਾ ਹੈ।'[10] 'ਹੋਂਦ ਆਪਣੇ ਆਪ ਵਿੱਚ' ਅਜਿਹਾ ਅਸਤਿਤ੍ਵ ਹੁੰਦਾ ਹੈ ਜਿਸ ਨੂੰ ਜੜ੍ਹ ਜਾਂ ਜਾਨਵਰ ਦੇ ਅਸਤਿਤ੍ਵ ਲਈ ਵਰਤਿਆ ਜਾ ਸਕਦਾ ਹੈ, ਪਰ ਮਨੁੱਖ ਲਈ ਨਹੀਂ। ਇਸ ਦੇ ਸਮਾਨਾਂਤਰ ਜੇਕਰ ਮਨੁੱਖ ਨੂੰ 'ਸਮਾਜਿਕ ਪ੍ਰਾਣੀ' ਮੰਨਿਆ ਗਿਆ ਹੈ ਤਾਂ 'ਸਮਾਜਿਕ ਪ੍ਰਾਣੀ' ਹੋਣਾ, 'ਹੋਂਦ ਆਪਣੇ ਆਪ ਵਿੱਚ' ਨੂੰ ਮੰਨਣਾ ਹੈ, ਇਹ ਮਨੁੱਖ ਦੀਆਂ ਸੰਭਾਵਨਾਵਾਂ ਨੂੰ ਨਹੀਂ ਜਗਾਉਂਦਾ। ਉਦਾਹਰਨ ਲਈ ਸਾਡਾ ਸਮਾਜਿਕ ਰੋਲ ਸਾਡਾ ਅਸਲ ਅਸਤਿਤ੍ਵ ਨਹੀਂ ਹੁੰਦਾ। ਇੱਕ ਵਿਅਕਤੀ ਨੌਕਰ (ਹੋਂਦ ਆਪਣੇ ਆਪ ਵਿੱਚ) ਹੋਣ ਦੇ ਬਾਵਜੂਦ, ਨੌਕਰ ਦੀ ਥਾਂ ਵਿਅਕਤੀ (ਹੋਂਦ ਆਪਣੇ ਆਪ ਲਈ) ਪਹਿਲਾਂ ਹੁੰਦਾ ਹੈ।

II

ਇੱਛੂਪਾਲ ਦਾ ਕਾਵਿ-ਸਾਹਿਤ ਅਸਤਿਤ੍ਵੀ ਸੰਕਟ ਨੂੰ ਵਿਸ਼ੇ ਪੱਧਰ 'ਤੇ ਹੀ ਬਾਖ਼ੂਬੀ ਨਹੀਂ ਨਿਭਾਉਂਦਾ, ਸਗੋਂ ਸੁਹਜਾਤਮਕ ਪੱਧਰ 'ਤੇ ਵੀ ਪਾਠਕ ਵਰਗ ਨੂੰ ਟੁੰਬਦਾ ਹੈ। ਇੱਛੂਪਾਲ ਦੀਆਂ ਅਨੇਕ ਕਵਿਤਾਵਾਂ ਆਰਥਿਕ ਪੱਖੋਂ ਨਪੀੜੇ ਮੱਧ ਵਰਗ ਨੂੰ ਦਰਪੇਸ਼ ਆਉਂਦੇ ਅਸਤਿਤ੍ਵੀ ਸੰਕਟਾਂ ਨੂੰ ਵਧੇਰੇ ਉਭਾਰਦੀਆਂ ਹਨ। ਇਹ ਵਰਗ ਅਨੇਕ ਭਰਮ-ਭੁਲੇਖਿਆਂ ਵਿੱਚ ਆਧੁਨਿਕੀਕਰਨ ਦੇ ਪ੍ਰਭਾਵ ਹੇਠ ਸਭਿਆਚਾਰਕ ਪਹਿਚਾਣ ਨੂੰ ਤਿਲਾਂਜਲੀ ਦੇ ਦਿੰਦਾ ਹੈ ਅਤੇ ਇੱਕ ਵਿਸ਼ੇਸ਼ ਪ੍ਰਕਾਰ ਨਾਲ ਉਪਭੋਗਤਾਵਾਦੀ ਸਮਾਜ ਦੇ ਖਪਤਕਾਰ ਦੇ ਰੂਪ ਵਿੱਚ ਹਿੱਸਾ ਬਣ ਜਾਂਦਾ ਹੈ। ਅਜਿਹੇ ਵਰਗ ਦਾ ਮਨੁੱਖ ਜਦੋਂ ਆਪਣੇ ਸਵੈ ਦੀ ਤਲਾਸ਼ ਕਰਦਾ ਹੈ ਤਾਂ ਉਸ ਨਾਲ ਕੀ ਹੁੰਦਾ ਹੈ ? ਅਜਿਹੇ ਮਸਲੇ ਨਾਲ ਸੰਬੰਧਿਤ ਇੱਛੂਪਾਲ ਦੀ ਇਹ ਕਵਿਤਾ ਵਿਚਾਰੀ ਜਾ ਸਕਦੀ ਹੈ-

ਮੈਂ ਸਵੈ ਦੀ ਤਲਾਸ਼ 'ਚ
ਭਟਕ ਰਿਹਾ ਹਾਂ
ਕਦੀ ਵਿਰਸੇ ਵਲ ਰੁਖ ਕਰਦਾਂ
ਕਦੀ ਬੀਆਬਾਨਾਂ ਵੱਲ
ਤੇ ਕਦੇ ਕਦੇ ਵੱਡੇ ਵਡੇਰਿਆਂ ਦੇ ਗ੍ਰੰਥਾਂ ਵੱਲ
ਪਰ ਕੋਈ ਵੀ ਗ੍ਰੰਥ ਢਾਰਸ ਨਹੀਂ ਬਣਦਾ
ਨਾ ਹੀ ਪਵਨ ਸ਼ਾਂਤ ਕਰਦੀ ਹੈ
ਨਾ ਹੀ ਮੀਹੀਂ-ਕਣੀਆਂ।
ਆਪਣੀ ਹੀ ਇੱਕਲ ਅੰਦਰ
ਉਸਾਰ ਲੈਂਦਾ ਹਾਂ
ਵੱਡੇ ਵੱਡੇ ਬੁਰਜ
ਨਿਰਮਾਨ ਕਾਰੀ ਬਣ ਬਣ
ਖੁਭ ਜਾਂਦਾ ਹਾਂ
ਵਿਰਸੇ ਦੀ ਜੜ੍ਹਾਂ-ਅੰਦਰ
ਅਜੇਹੀ ਭਟਕਣ 'ਚ
ਟੁੱਟ ਜਾਂਦੀ ਏ ਮੇਰੀ ਹਿਰਦੇਈ ਇਮਾਰਤ
ਮੇਰੀ ਚੁੱਪ
ਇਕੱਲ
ਗੁਆਚ ਚੁਕੇ ਮੇਰੇ ਸਵੈ ਦੀ ਤਲਾਸ਼
ਮੇਰੇ ਤੇ ਉਦਾਸੀ ਝੱਲ ਏ
ਹੋਰ ਕੀ ਹੋ ਸਕਦੈ
ਤੁਸੀਂ ਦਸ ਸਕਦੇ ਹੋ?
ਮੇਰੇ ਸਵੈ ਦੀ ਤਲਾਸ਼ ![11]

ਇਹ ਕਵਿਤਾ ਸਭਿਆਚਾਰ, ਧਰਮ ਅਤੇ ਇਕੱਲਤਾ ਰਾਹੀਂ ਸਵੈ ਨੂੰ ਲੱਭਣ ਦੇ ਯਤਨ ਵਿੱਚੋਂ ਮਿਲਦੀ ਅਸਫ਼ਲਤਾ ਨੂੰ ਪੇਸ਼ ਕਰਦੀ ਹੈ। ਕਵਿਤਾ ਵਿੱਚ ਸਵੈ ਨੂੰ 'ਇਮਾਰਤ' ਦਾ ਮੈਟਾਫ਼ਰ ਦਿੱਤਾ ਗਿਆ ਹੈ ਜੋ ਆਪਣਾ ਆਧਾਰ ਲੱਭਣ ਤੋਂ ਅਸਫ਼ਲ ਹੋਣ ਕਾਰਨ ਟੁੱਟ ਜਾਂਦੀ ਹੈ। ਸਵੈ ਦੀ ਤਲਾਸ਼ ਲਈ ਸਭਿਆਚਾਰ, ਧਰਮ ਅਤੇ ਇਕੱਲਤਾ ਵਿੱਚ ਜਾਣਾ 'ਚੋਣ' ਦੇ ਮਸਲੇ ਨਾਲ ਸੰਬੰਧਿਤ ਹੈ। ਕਵਿਤਾ ਇਸ ਵਿਚਾਰ ਨੂੰ ਉਭਾਰਦੀ ਹੈ ਕਿ ਵਿਅਕਤੀ ਆਪਣੀ ਚੋਣ ਤੋਂ ਮਿਲੀ ਨਿਰਾਸ਼ਾ, ਜਿਸਨੂੰ ਕਵਿਤਾ ਵਿੱਚ ਉਦਾਸੀ ਕਿਹਾ ਗਿਆ ਹੈ, ਉਸਤੋਂ ਬਚ

ਨਹੀਂ ਸਕਦਾ। ਸਵੈ, ਕਿਉਂਕਿ 'ਹੋਂਦ ਆਪਣੇ ਆਪ ਲਈ' ਰਾਹੀਂ ਹੀ ਪ੍ਰਮਾਣਿਕਤਾ ਹਾਸਿਲ ਕਰ ਸਕਦਾ ਹੈ, ਇਸ ਲਈ ਚੋਣ ਦੀ ਜ਼ਿੰਮੇਦਾਰੀ ਵਿੱਚੋਂ ਪੈਦਾ ਹੋਈ ਨਿਰਾਸ਼ਤਾ ਤੋਂ ਮਨੁੱਖ ਨੂੰ ਅੱਗੇ ਵੱਧਣਾ ਚਾਹੀਦਾ ਹੈ। ਉਦਾਸੀ, ਸਵੈ ਦੀ ਤਲਾਸ਼ ਵਿੱਚੋਂ ਪੈਦਾ ਹੋਈ ਹੈ। ਅਸਤਿਤ੍ਵਵਾਦੀ ਚਿੰਤਨ ਵਿੱਚ ਕਿਰਕੇਗਾਰਦ 'ਉਦਾਸੀ' ਨੂੰ ਮਨੁੱਖੀ ਅਸਤਿਤ੍ਵ ਦਾ ਅਹਿਮ ਅੰਗ ਮੰਨਦਾ ਹੈ। ਉਸ ਦਾ ਮੰਨਣਾ ਹੈ ਕਿ ਮਨੁੱਖ ਜਦੋਂ ਵੀ ਆਪਣੇ ਸਵੈ ਨੂੰ ਘੜਣ ਜਾਂ ਲੱਭਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਜਲਦੀ ਹੀ ਉਦਾਸੀ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਅਨੁਸਾਰ ਮਨੁੱਖੀ ਹੋਂਦ ਤਿੰਨ ਤਰ੍ਹਾਂ ਦੇ ਪੜਾਵਾਂ ਵਿੱਚ ਰਹਿੰਦੀ ਹੈ, ਇਹ ਪੜਾਅ ਹਨ: ਨੈਤਿਕ, ਸੁਹਜ ਅਤੇ ਧਾਰਮਿਕ। ਸਾਡੀ ਹੋਂਦ ਹਮੇਸ਼ਾ ਕਿਸੇ ਇੱਕ ਪੜਾਅ 'ਤੇ ਹੁੰਦੀ ਹੈ ਅਤੇ ਜਦੋਂ ਤੱਕ ਅਸੀਂ ਉਸ ਇੱਕ ਪੜਾਅ ਤੋਂ ਉਦਾਸ ਨਹੀਂ ਹੋ ਜਾਂਦੇ ਹਾਂ, ਅਸੀਂ ਅਗਲੇ ਪੜਾਅ ਵੱਲ ਨਹੀਂ ਜਾਂਦੇ। ਕਿਰਕੇਗਾਰਦ ਅਨੁਸਾਰ ਮਨੁੱਖ ਹਰ ਪੜਾਅ 'ਤੇ ਉਦਾਸ ਹੀ ਹੁੰਦਾ ਹੈ। ਇਸੇ ਵਿਸ਼ੇ ਨਾਲ ਸੰਬੰਧਿਤ ਇੱਛੂਪਾਲ ਦੀ ਇੱਕ ਹੋਰ ਕਵਿਤਾ ਇਸ ਪ੍ਰਕਾਰ ਹੈ−

ਬੈਠਾ ਰਹਿੰਦਾ
ਖਾਲੀ ਐਤਵਾਰ
ਸਿਆਲ ਦੀ ਧੁੱਪ
ਰਚਨਾ ਵੀ ਚੁੱਪ
ਜਾਂ...
ਖਿਲਾਰੇ 'ਚ ਘਿਰਿਆ
ਐਪਰ...
ਅਵੱਲੇ ਦਰਦ
ਧੀਮੀ ਗਤੀ ਦਾ ਸੰਗੀਤ...!
ਬਤੀਤ ਹੋ ਜਾਂਦਾ ਐਤਵਾਰ
ਖਾਲੀ ਜਿਹਾ...
ਮੇਰੇ ਵਰਗਾ ਖਾਲੀ ਜਿਹਾ...![12]

ਇਹ ਕਵਿਤਾ ਅਸਤਿਤ੍ਵ ਦੇ ਖਾਲ੍ਹੀਪਣ ਨੂੰ ਪੇਸ਼ ਕਰਦੀ ਹੈ ਜੋ ਕਿ ਜੀਵਨ ਦੇ ਬੇਮੰਜ਼ਿ▲ਲ ਹੋਣ ਨੂੰ ਦਰਸਾਉਂਦੀ ਹੈ। ਕਵਿਤਾ ਵਿੱਚ 'ਐਤਵਾਰ' ਸ਼ਬਦ ਦਾ ਉਪਯੋਗ ਪ੍ਰਤੀਕਾਤਮਕ ਰੂਪ ਵਿੱਚ ਕੀਤਾ ਗਿਆ ਹੈ। ਬਾਕੀ ਦਿਨਾਂ ਨੂੰ ਕਾਰਜ ਵਾਲੇ ਦਿਨ ਕਿਹਾ ਜਾਂਦਾ ਹੈ ਅਤੇ ਐਤਵਾਰ ਨੂੰ ਛੁੱਟੀ ਵਾਲਾ ਦਿਨ ਕਿਹਾ ਜਾਂਦਾ ਹੈ। ਛੇ ਦਿਨ ਜੇਕਰ ਵਿਅਕਤੀ ਲਈ 'ਹੋਂਦ ਆਪਣੇ ਆਪ ਵਿੱਚ' ਰਹਿੰਦੇ ਹਨ ਤਾਂ 'ਐਤਵਾਰ', 'ਹੋਂਦ ਆਪਣੇ ਆਪ ਲਈ' ਵਾਲਾ ਦਿਨ ਬਣ ਜਾਂਦਾ ਹੈ। ਭਾਵ ਕਿ ਜੇ ਕੋਈ ਵਿਅਕਤੀ ਛੇ ਦਿਨ ਨੌਕਰ ਜਾਂ ਕਰਮਚਾਰੀ ਵਜੋਂ ਆਪਣੇ ਸਵੈ ਤੋਂ ਮੁਨਕਰ ਹੁੰਦਾ ਹੈ ਤਾਂ ਉਸ ਨੂੰ ਸੱਤਵੇਂ ਦਿਨ ਆਪਣੇ ਨੌਕਰ ਜਾਂ ਕਰਮਚਾਰੀ ਹੋਣ ਦੀ ਥਾਂ ਵਿਅਕਤੀ ਹੋਣ ਦੇ ਸੰਤਾਪ ਨੂੰ ਝੱਲਣਾ ਪੈਂਦਾ ਹੈ। ਅਸਤਿਤ੍ਵਵਾਦੀ ਚਿੰਤਕਾਂ ਅਨੁਸਾਰ ਸਮਾਜ ਵਿਅਕਤੀ ਦੇ ਸਵੈ ਨੂੰ ਉਸਦੇ ਸਮਾਜਿਕ ਸਵੈ ਤੱਕ ਇਸ ਤਰ੍ਹਾਂ ਬੰਨ੍ਹ ਦਿੰਦਾ ਹੈ ਕਿ ਉਹ ਵਿਅਕਤੀ ਸਮਾਜਿਕ ਸਵੈ ਦੀ ਪਹਿਚਾਣ ਤੋਂ ਬਿਨਾਂ ਅਧੂਰਾ ਜਾਂ ਖਾਲ੍ਹੀਪਣ ਮਹਿਸੂਸ ਕਰਦਾ ਹੈ। ਉਦਾਹਰਨ ਲਈ ਜਦੋਂ ਕੋਈ ਵਿਅਕਤੀ ਕਿਸੇ ਹੋਟਲ ਵਿੱਚ ਵੇਟਰ ਦੀ ਨੌਕਰੀ ਕਰਦਾ ਹੈ ਤਾਂ ਉਸਦੇ ਸਮਾਜਿਕ ਸਵੈ ਦਾ ਨਾਂ 'ਵੇਟਰ' ਬਣ ਜਾਂਦਾ ਹੈ। ਕੋਈ ਉਸਦੇ ਅਸਲ ਨਾਂ ਨੂੰ ਜਾਣਨ ਦੀ ਕੋਸ਼ਿਸ਼ ਨਹੀਂ ਕਰਦਾ, ਇਸ ਤਰ੍ਹਾਂ ਉਹ ਹੌਲੀ-ਹੌਲੀ ਆਪਣੇ ਅੰਤਰੀਵੀ ਸਵੈ ਤੋਂ ਟੁੱਟ 'ਵੇਟਰ' ਹੀ ਬਣ ਸਾਰਾ ਜੀਵਨ ਗੁਜ਼ਾਰ ਦਿੰਦਾ ਹੈ। ਅਜਿਹੇ ਵਿਅਕਤੀ ਲਈ 'ਵੇਟਰ' ਹੋਣਾ ਸੰਕਟ ਨਹੀਂ, ਸਗੋਂ 'ਵੇਟਰ ਨਾ ਹੋਣਾ' ਭਾਵ 'ਸਮਾਜਿਕ ਪਹਿਚਾਣ ਦਾ ਨਾ ਹੋਣਾ', ਖਾਲ੍ਹੀਪਣ ਪੈਦਾ ਕਰਦਾ ਹੈ। ਵਿਅਕਤੀ ਆਪਣੀ ਹੋਂਦ ਨੂੰ ਜਦੋਂ ਵੀ ਹਰ ਪ੍ਰਕਾਰ ਦੇ ਸੰਬੰਧ ਜਾਂ ਅਵਿਧਾਰਨਾਵਾਂ ਤੋਂ ਮੁਕਤ ਹੋਕੇ ਸੋਚਦਾ ਹੈ ਤਾਂ ਹੋਂਦ ਦਾ ਖਾਲ੍ਹੀਪਣ ਉਸ ਅੱਗੇ ਜ਼ਾਹਰ ਹੋ ਜਾਂਦਾ ਹੈ। ਹੋਂਦ ਦਾ ਖਾਲ੍ਹੀਪਣ ਵਿਅਕਤੀ ਦੀ ਭਟਕਣਾ ਨੂੰ ਹੋਰ ਤੀਖਣ ਕਰ ਦਿੰਦਾ ਹੈ। ਅਜਿਹੇ ਮਸਲਿਆਂ ਨੂੰ ਉਭਾਰਦੀ ਉਸ ਦੀ ਇਹ ਕਵਿਤਾ ਵਿਚਾਰੀ ਜਾ ਸਕਦੀ ਹੈ−

ਭਟਕ ਰਿਹਾਂ
ਅਚੇਤ-ਸੁਚੇਤ

ਜਾਂ
ਇਨ੍ਹਾਂ ਵਿਚਕਾਰ
ਚੇਤੇ ਕਰ ਲੈਂਦਾ
ਬਚਪਨ ਦੀ
ਉਸ ਪਹਿਲੀ ਮੁਹੱਬਤ ਨੂੰ
ਜਾਂ
ਚੜ੍ਹਦੀ ਜਵਾਨੀ ਵਾਲੀ
ਜਿਸ ਸੰਗ ਬਹਿ ਕੇ
ਉਲੀਕੇ ਸਨ ਕਈ ਸੁਪਨੇ
ਸੁਚੇਤ ਹੋ ਕੇ
ਵਕਤ ਦੇ ਥਪੇੜਿਆਂ ਨੇ
ਨਹੀਂ ਹੋਣ ਦਿੱਤੇ
ਸਾਕਾਰ
ਇਹ ਸੁਚੇਤ ਨੇ
ਐਪਰ
ਢਲ ਜਾਂਦੇ ਨੇ
ਬਦਲ ਜਾਂਦੇ ਨੇ
ਆਪਣੀ-ਆਪਣੀ ਭਟਕਣ 'ਚ।[13]

ਇਹ ਕਵਿਤਾ ਅਜਿਹੇ ਮਨੁੱਖ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ ਜੋ ਆਪਣੇ ਸਵੈ ਦੀ ਪ੍ਰਮਾਨਿਕਤਾ ਲਈ ਆਦਰਸ਼ਕ ਸੁਪਨੇ ਦੇਖਦਾ ਹੈ, ਪਰ ਸਮਾਜਿਕ ਜੀਵਨ ਤੋਂ ਮਿਲੀ ਪੀੜਾ ਕਾਰਨ ਹਾਰ ਮੰਨ ਜਾਂਦਾ ਹੈ। ਇਹ ਕਵਿਤਾ 'ਚੋਣ' ਅਤੇ 'ਜ਼ਿੰਮੇਦਾਰੀ' ਦੇ ਸੰਕਲਪ ਨਾਲ ਸੰਬੰਧਿਤ ਹੈ। ਇਸ ਕਾਵਿ ਵਿਚਲੇ ਮਨੁੱਖ ਦਾ ਬਚਪਨ ਦੀ ਮੁਹੱਬਤ ਅਤੇ ਭੋਲੇਪਨ ਨੂੰ 'ਚੰਗੇ ਅਨੁਭਵ' ਵਾਂਗ ਯਾਦ ਕਰਨਾ, ਉਸਦੇ ਸਵੈ ਰਾਹੀਂ ਕੀਤੀ ਚੋਣ ਤੋਂ ਸੰਭਵ ਹੋਇਆ ਹੈ। ਪਿਆਰ ਵਿੱਚ ਵਿਅਕਤੀ ਦੀ 'ਹੋਂਦ ਆਪਣੇ ਆਪ ਲਈ' ਹੁੰਦੀ ਹੈ, ਇਸ ਲਈ ਅਜਿਹੇ ਸਮੇਂ ਵਿੱਚ ਕੀਤੀ ਚੋਣ ਵਿਅਕਤੀ ਦੇ ਸਵੈ ਨੂੰ ਸਾਰਥਕ ਢੰਗ ਨਾਲ ਘੜਦੀ ਹੈ। ਪਰ ਪਿਆਰ ਸੰਬੰਧ ਵਿੱਚ ਸਮਾਜਿਕ ਦਬਾਅ ਜਾਂ ਲਾਲਚ ਅਧੀਨ ਕੀਤੀ ਚੋਣ ਜਿਸ ਨੂੰ ਕਵੀ 'ਵਕਤ ਦੇ ਥਪੇੜੇ' ਦਾ ਮੈਟਾਫ਼ਰ ਦੇ ਰਿਹਾ ਹੈ, ਉਸ ਸਵੈ ਨੂੰ ਅਪ੍ਰਮਾਣਿਕ ਕਰ ਦਿੰਦੀ ਹੈ। ਇਸ ਲਈ ਅਜਿਹਾ ਸਵੈ ਆਪਣੀ ਚੋਣ ਤੋਂ ਮਿਲੇ ਪਰਿਣਾਮ ਦੀ ਜ਼ਿੰਮੇਦਾਰੀ ਲੈਣ ਜਾਂ ਨਾ ਲੈਣ ਦੀ ਭਟਕਣਾ ਵਿੱਚ ਫਸਿਆ ਰਹਿੰਦਾ ਹੈ। 'ਚੋਣ' ਦੀ ਜ਼ਿੰਮੇਦਾਰੀ ਤੋਂ ਭੱਜਣਾ ਬੁਰੇ ਵਿਸ਼ਵਾਸ ਨੂੰ ਜਨਮ ਦਿੰਦਾ ਹੈ। ਬੁਰੇ ਵਿਸ਼ਵਾਸ ਤੋਂ ਭਾਵ ਝੂਠੀ ਹੋਂਦ ਨੂੰ ਜਿਊਣਾ ਅਤੇ ਆਪਣੇ ਚੋਣ ਤੋਂ ਮਿਲੇ ਪਰਿਣਾਮ ਨੂੰ ਨਕਾਰਨਾ ਹੁੰਦਾ ਹੈ। ਇਸ ਮਸਲੇ ਨੂੰ ਕਵੀ ਨੇ ਬੜੇ ਹੀ ਕਲਾਤਮਕ ਢੰਗ ਨਾਲ ਹੇਠਾਂ ਲਿਖੀ ਕਵਿਤਾ ਵਿੱਚ ਪੇਸ਼ ਕੀਤਾ ਹੈ-

ਬਹੁਤ ਅਰਸੇ ਤੋਂ
ਝਾਕਦੀ ਰਹੀ
ਜ਼ਿੰਦਗੀ
ਟਿਕ ਟਿਕੀ ਲਾਈ,
ਮੇਰੇ ਵੱਲ
ਫ਼ਰੋਲਦੀ ਹੋਈ ਕੁਝ
ਪੜ੍ਹੀਆਂ ਇਬਾਰਤਾਂ
ਵਰਕੇ ਵਰਕੇ ਅੰਦਰ
ਮੇਰੇ ਰੂਪ ਨੂੰ
ਅੱਧਵਾਟੇ ਕਾਂਢਾਂ ਅੰਦਰ
ਤਲਾਸ਼ਦੀ ਰਹੀ
ਮੇਰੀ ਹੋਂਦ
ਤੇ ਸ਼ਾਇਦ
ਉਨ੍ਹਾਂ ਪਲਾਂ ਨੂੰ
ਲਕੋਏ ਹੋਏ
ਸ਼ਬਦ ਜਾਲਾਂ ਅੰਦਰ
ਜਦੋਂ ਮੈਂ
ਧਰਮੀ ਕਰਮੀ ਵੀ ਲਗਦਾ
ਸੱਚਾ-ਸੁੱਚਾ ਪਤਵੰਤਾ ਬਣ-ਬਣ
ਮਾਣਮਤਾ ਹੋਇਆ ਟਹਿਲਦਾ
ਆਪਣੀ ਹਿੱਕ
ਉੱਚੀ
ਹੋਰ ਉੱਚੀ ਕਰਦਾ ਹੋਇਆ।
ਸੱਚ ਨੂੰ ਦਬਾਉਂਦਾ ਹੋਇਆ।[14]

ਇਸ ਕਵਿਤਾ ਵਿੱਚ ਬੁਰੇ-ਵਿਸ਼ਵਾਸ ਵਿੱਚ ਫਸੇ ਮਨੁੱਖ ਦੀ ਚੇਤਨਾ ਉਸਦੇ ਅਸਲ ਸਵੈ ਨੂੰ ਲੱਭਣ ਵਿੱਚ ਮਿਲੀ ਅਸਫ਼ਲਤਾ ਨੂੰ ਪੇਸ਼ ਕਰਦੀ ਹੈ। ਕਵਿਤਾ ਵਿਚਲਾ ਮਨੁੱਖ ਆਪਣੇ ਸਵੈ ਨੂੰ ਆਦਰਸ਼ਕ ਸਾਬਿਤ ਕਰਨ ਲਈ ਧਾਰਮਿਕ ਪਹਿਚਾਣ ਹਾਸਿਲ ਕਰ ਲੈਂਦਾ ਹੈ। ਉਸ ਨੂੰ ਲਗਦਾ ਹੈ ਕਿ ਧਾਰਮਿਕ ਆਦਰਸ਼ਤਾ ਉਸਨੂੰ ਬੁਰੇ ਵਿਸ਼ਵਾਸ ਤੋਂ ਬਚਾ ਸਕਦੀ ਹੈ। ਪਰ ਇਸ ਤਰ੍ਹਾਂ ਕਰਨ ਨਾਲ ਵਿਅਕਤੀ ਅਸਤਿਤ੍ਵੀ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ। ਧਰਮ ਅਤੇ ਸਮਾਜ ਵਿੱਚ ਮਨੁੱਖ ਇੱਕ ਪ੍ਰਮਾਣਿਕ ਸਵੈ ਦਾ ਦਰਜਾ ਹਾਸਿਲ ਕਰਨ ਲਈ ਜੋ ਕਰਮ ਕਰਦਾ ਹੈ, ਉਹ ਉਸਦੀ ਹੋਂਦ ਨੂੰ ਧਰਮ ਜਾਂ ਸਮਾਜ 'ਤੇ ਨਿਰਭਰ ਕਰ ਦਿੰਦਾ ਹੈ। ਇਸ ਨਾਲ ਵਿਅਕਤੀ ਦੀ ਹੋਂਦ ਆਪਣੀ ਹੋਂਦ ਲਈ ਨਾ ਜੀਅ ਕੇ ਝੂਠੇ ਆਦਰਸ਼ ਨੂੰ ਜਿਊਂਦੀ ਹੈ। ਇੱਥੇ ਚੇਤਨਾ ਨੂੰ 'ਜ਼ਿੰਦਗੀ' ਦਾ ਮੈਟਾਫ਼ਰ ਦਿੱਤਾ ਗਿਆ ਹੈ ਜੋ ਵਿਅਕਤੀ ਦੇ ਸਵੈ ਨੂੰ ਲੱਭਣ ਦਾ ਯਤਨ ਕਰਦੀ ਹੈ। ਇਸ ਕਵਿਤਾ ਨੂੰ ਪ੍ਰਮਾਣਿਕਤਾ ਦੇ ਸੰਕਲਪ ਰਾਹੀਂ ਵੀ ਸਮਝਿਆ ਜਾ ਸਕਦਾ ਹੈ। ਜਦੋਂ ਮਨੁੱਖ ਧਰਮ ਜਾਂ ਸਮਾਜਿਕ ਸੰਬੰਧਾਂ ਲਈ ਹੀ ਜਿਊਂਦਾ ਹੈ ਤਾਂ ਉਹ ਉਸਦੇ ਪਰਿਣਾਮਾਂ ਲਈ ਵੀ ਜ਼ਿੰਮੇਦਾਰ ਹੁੰਦਾ ਹੈ। ਇਸ ਵਿਸ਼ੇ ਨਾਲ ਸੰਬੰਧਿਤ ਇੱਕ ਕਵਿਤਾ ਇਸ ਪ੍ਰਕਾਰ ਹੈ-

ਨੇੜਲੀ ਆਵਾਜ਼
ਦਿਲ ਦਹਿਲਾ ਦੇਂਦੀ
ਸਿੱਧਾ ਲਕੀਰ ਦੀ ਭਾਂਤੀ
ਇਸ ਸਿਰੇ ਤੋਂ...!
ਆਵਾਜ਼ਸ਼
ਰੋਣ ਦੀ ਆਵਾਜ਼
ਨੇੜਲੇ ਘਰੋਂ
ਬਜ਼ੁਰਗ ਬਾਹਰ ਕੱਢਿਆ ਏ...
ਸਿਸਕੀਆਂ ਭਰਦਾ
ਵੇਖਦਾ ਏਸ਼
ਆਲੇ ਦੁਆਲੇ
ਉੱਡੀਕਦਾ
ਮੌਤ ਦੇ ਫਰਿਸ਼ਤੇ ਨੂੰ...![15]

ਇਹ ਕਵਿਤਾ ਇੱਕ ਬਜ਼ੁਰਗ ਦੇ ਆਪਣੇ ਹੀ ਘਰ ਤੋਂ ਬੱਚਿਆਂ ਰਾਹੀਂ ਬਾਹਰ ਕੱਢੇ ਜਾਣ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਮਨੁੱਖੀ ਰਿਸ਼ਤਿਆਂ 'ਤੇ ਕਟਾਖਸ਼ ਕਰਦੀ ਹੈ। ਬਜ਼ੁਰਗ ਇੱਕ ਪਿਤਾ ਦੇ ਰੂਪ ਵਿੱਚ ਸਾਰੀ ਉਮਰ ਆਪਣੇ ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਿਹਨਤ-ਮੁਸ਼ੱਕਤ ਕਰਦਾ ਰਿਹਾ। ਇਸ ਤਰ੍ਹਾਂ ਉਸਦੀ 'ਹੋਂਦ' ਉਸਦੇ ਲਈ ਨਾ ਹੋ ਕੇ, ਦੂਜਿਆਂ 'ਤੇ ਆਸ਼ਰਿਤ ਹੋ ਗਈ ਹੈ। ਬਜ਼ੁਰਗ ਆਪਣੇ ਪਿਤਾ ਹੋਣ ਵਾਲੇ ਸਵੈ ਵਿੱਚ ਆਪਣੇ ਮਨੁੱਖ ਹੋਣ ਦੇ ਸਵੈ ਨੂੰ ਭੁੱਲ ਗਿਆ, ਜਿਸ ਕਾਰਨ ਉਸ ਨੂੰ ਆਪਣੀ ਚੋਣ ਕਾਰਨ ਘਰ ਤੋਂ ਬਾਹਰ ਕੱਢੇ ਜਾਣ ਦਾ ਪਰਿਣਾਮ ਮਿਲ ਰਿਹਾ ਹੈ। ਬਜ਼ੁਰਗ ਲਈ ਘਰ ਅਤੇ ਉਸਦੇ ਬੱਚੇ ਹੀ ਜੀਵਨ-ਅਰਥ ਰੱਖਦੇ ਹਨ ਅਤੇ ਇਸ ਲਈ ਉਹ ਉਹਨਾਂ ਤੋਂ ਬਗੈਰ ਜੀਵਨ ਨੂੰ ਬੇਅਰਥ ਸਮਝਦਿਆਂ, ਮੌਤ ਨੂੰ ਚੁਣਦਾ ਹੈ। ਇਸ ਤਰ੍ਹਾਂ ਇਹ ਸਾਰੀ ਕਵਿਤਾ ਮਾਨਵੀ ਰਿਸ਼ਤਿਆਂ ਕਾਰਨ ਪੈਦਾ ਹੋਏ ਅਸਤਿਤ੍ਵੀ ਸੰਕਟ ਨੂੰ ਪੇਸ਼ ਕਰਦੀ ਹੈ। ਕਵਿਤਾ ਵਿੱਚ ਬਜ਼ੁਰਗ ਦੇ ਬੱਚੇ ਗੌਣ ਪਾਤਰ ਹਨ, ਪਰ ਉਹ ਵੀ ਪ੍ਰਮਾਣਿਕ ਸਵੈ ਵਿੱਚ ਨਹੀਂ ਜੀਅ ਰਹੇ, ਇਸ ਕਾਰਨ ਉਹ ਆਪਣੇ ਬੁੱਢੇ ਹੋ ਚੁੱਕੇ ਪਿਤਾ ਨੂੰ ਆਰਥਿਕ ਭਾਰ ਸਮਝਦੇ ਹਨ। ਅਸਤਿਤ੍ਵਵਾਦੀ ਮਾਨਵੀ ਰਿਸ਼ਤਿਆਂ ਦਾ ਵਿਰੋਧ ਨਹੀਂ ਕਰਦਾ, ਪਰ ਵਿਅਕਤੀ ਵਲੋਂ ਇਨ੍ਹਾਂ ਰਿਸ਼ਤਿਆਂ ਵਿੱਚੋਂ ਹੀ ਆਪਣੇ ਅਸਤਿਤ੍ਵ ਨੂੰ ਪਰਿਭਾਸ਼ਿਤ ਕਰਦੇ ਰਹਿਣ ਵਾਲੇ ਵਰਤਾਰੇ ਦੇ ਖਿਲਾਫ਼ ਹੈ। ਕਵਿਤਾ ਵਿਚਲਾ ਬਜ਼ੁਰਗ, ਪਿਤਾ ਜਾਂ ਬੁੱਢਾ ਵਿਅਕਤੀ ਹੋਣ ਤੋਂ ਪਹਿਲਾਂ ਮਨੁੱਖ ਹੈ ਅਤੇ ਹਰ ਮਨੁੱਖ ਨੂੰ ਸਨਮਾਨ ਨਾਲ ਜਿਊਣ ਦਾ ਅਧਿਕਾਰ ਹੈ। ਕਵਿਤਾ ਪਿਉ ਅਤੇ ਪੁੱਤਰ ਦੇ ਰਿਸ਼ਤੇ ਵਿੱਚ ਆਈ ਗਿਰਾਵਟ ਦੇ ਨਾਲ ਹੀ ਮਨੁੱਖਤਾਵਾਦ ਵਿੱਚ ਆਈ ਗਿਰਾਵਟ ਨੂੰ ਅਸਤਿਤ੍ਵੀ ਪਰਿਪੇਖ ਵਿੱਚ ਪੇਸ਼ ਕਰਦੀ ਹੈ। ਆਪਣੇ ਸਵੈ ਤੋਂ ਟੁੱਟਿਆ ਮਨੁੱਖ ਆਪਣੇ ਆਲੇ-ਦੁਆਲੇ ਤੋਂ ਵੀ ਅਜਨਬੀ ਹੋ ਜਾਂਦਾ ਹੈ। ਇਸ ਮਸਲੇ ਨੂੰ ਇੱਛੂਪਾਲ ਦੀ ਨਿਮਨ ਲਿਖਤ ਕਵਿਤਾ ਬਾਖ਼ੂਬੀ ਉਘਾੜਦੀ ਹੈ-

ਘਰ ਦੇ ਬੂਹੇ 'ਤੇ ਦਸਤਕ ਦਿੱਤੀ
ਅਗੋਂ ਕੋਈ ਉਤਰ ਨਹੀਂ ਮਿਲਿਆ
ਨਾ ਹੀ ਕਿਸੇ ਨੇ ਬੂਹਾ ਖੋਲ੍ਹਿਆ।
ਅੱਜ ਘਰ ਉਪਰਾ ਜਾਪਿਆ,
ਗਲੀਆਂ ਸੁੰਨਸਾਨ ਦਿੱਸੀਆਂ,
ਮੈਂ ਕਦੀ ਆਲੇ ਦੁਆਲੇ ਨੂੰ ਘੂਰਦਾ,
ਕਦੀ ਘਰ ਦੀ ਚੌਖਟ ਨੂੰ!
ਕੀ ਸੱਚੀ ਮੈਂ ਘਰ ਦੀ
ਦਹਿਲੀਜ਼ ਤੇ ਖੜ੍ਹਾ ਹਾਂ ?[16]

ਇਹ ਕਵਿਤਾ ਓਪਰੇਪਣ ਦੀ ਚਿੰਤਾ ਨਾਲ ਸੰਬੰਧਿਤ ਹੈ। ਕਵਿਤਾ ਵਿੱਚ ਵਿਅਕਤੀ ਆਪਣੇ ਘਰ ਅਤੇ ਆਲੇ-ਦੁਆਲੇ ਤੋਂ ਖ਼ੁਦ ਨੂੰ ਟੁੱਟਿਆ ਮਹਿਸੂਸ ਕਰਦਾ ਹੈ। ਜਿਸ ਕਾਰਨ ਉਸ ਅੰਦਰ ਤੌਖਲਾ ਪੈਦਾ ਹੋ ਜਾਂਦਾ ਹੈ ਜੋ ਕਿ ਉਸਦੀ ਹੋਂਦ ਅਤੇ ਉਸ ਦੁਆਰਾ ਉਸਾਰੇ ਘਰ ਦੀ ਹੋਂਦ 'ਤੇ ਸ਼ੰਕਾ ਕਰਨ ਲਈ ਮਜਬੂਰ ਕਰ ਦਿੰਦੇ ਹਨ। ਕਵਿਤਾ ਵਿੱਚ 'ਘਰ' ਨੂੰ ਵਿਅਕਤੀ ਦੇ ਨਿੱਜੀ ਜੀਵਨ ਦੀ ਆਜ਼ਾਦੀ ਵਜੋਂ ਪੇਸ਼ ਕੀਤਾ ਗਿਆ ਹੈ। ਹਰ ਵਿਅਕਤੀ ਘਰ ਨੂੰ ਸਮਾਜਿਕ ਜੀਵਨ ਤੋਂ ਵਿਭਿੰਨ ਆਪਣੇ ਨਿੱਜੀ ਜੀਵਨ ਦਾ ਸੂਚਕ ਮੰਨਦਾ ਹੈ, ਜਿਸ ਵਿੱਚ ਉਹ ਆਪਣੇ ਅਨੁਸਾਰ ਜੀਵਨ ਜੀਅ ਸਕਦਾ ਹੈ। ਪਰ ਕਿਉਂਕਿ ਮਨੁੱਖ ਦਾ ਸਵੈ ਸੰਪੂਰਨ ਆਜ਼ਾਦੀ ਲਈ ਬਣਿਆ ਹੈ, ਇਸ ਕਾਰਨ ਉਹ ਅਧੂਰੀ ਆਜ਼ਾਦੀ ਵਿੱਚ ਨਿਰੰਤਰ ਜੀਅ ਨਹੀਂ ਸਕਦਾ। ਸਮਾਜਿਕ ਜੀਵਨ ਵਿੱਚ ਵਿਅਕਤੀ ਦੀ ਆਜ਼ਾਦੀ ਵਧੇਰੇ ਸੀਮਿਤ ਹੁੰਦੀ ਹੈ, ਇਸ ਵਿੱਚ ਉਹ ਨਿਰੰਤਰ ਕਿਸੇ 'ਪਰ' ਦੇ ਸੰਪਰਕ ਵਿੱਚ ਰਹਿਣ ਕਾਰਨ ਆਪਣਾ ਅਸਲ ਸਵੈ ਪੇਸ਼ ਨਹੀਂ ਕਰਦਾ। ਅਜਿਹੇ ਵਿਅਕਤੀ ਨੂੰ ਘਰ ਪਹੁੰਚਣ 'ਤੇ ਲਗਦਾ ਹੈ ਕਿ ਉਹ ਹਰ ਪ੍ਰਕਾਰ ਦੇ 'ਪਰ' ਤੋਂ ਬਚ ਗਿਆ ਹੈ। ਇਸ ਤਰ੍ਹਾਂ ਉਹ ਆਪਣੇ ਸਵੈ ਲਈ ਜਿਉਂਦਾ ਹੈ, ਪਰ ਕਵਿਤਾ ਇਸ ਅਧੂਰੇ ਸਵੈ ਅਤੇ ਆਜ਼ਾਦੀ 'ਤੇ ਕਟਾਖਸ਼ ਕਰਦੀ ਹੈ। ਕਵਿਤਾ ਵਿੱਚ ਜਦੋਂ ਇਸ ਮਨੁੱਖ ਨੂੰ ਆਪਣੀ ਸਵੈ-ਘੋਸ਼ਿਤ ਆਜ਼ਾਦੀ ਦੇ ਸ੍ਰੋਤ ਘਰ ਵਿੱਚ ਪ੍ਰਵੇਸ਼ ਕਰਨ ਲਈ ਹਾਮੀ ਨਹੀਂ ਮਿਲਦੀ ਤਾਂ ਇਹ ਤੌਖਲੇ ਵਿੱਚ ਚਲਾ ਜਾਂਦਾ ਹੈ। ਇਸ ਕਾਰਨ ਉਹ ਬੜੀ ਜਲਦੀ ਹੀ ਆਪਣੀ ਇਸ ਆਜ਼ਾਦੀ ਅਤੇ ਇਸਦੇ ਸ੍ਰੋਤਾਂ ਤੋਂ ਅਜਨਬੀ ਹੋ ਜਾਂਦਾ ਹੈ। ਇਸ ਲਈ ਅਸਤਿਤ੍ਵਵਾਦ ਅਨੁਸਾਰ ਜਦੋਂ ਤੱਕ ਵਿਅਕਤੀ ਦਾ ਸਵੈ ਪ੍ਰਮਾਣਿਕਤਾ ਹਾਸਿਲ ਨਹੀਂ ਕਰ ਲੈਂਦਾ, ਉਸ ਸਮੇਂ ਤੱਕ ਉਹ ਆਪਣੇ ਸਵੈ ਨੂੰ ਅਧੂਰੀ ਆਜ਼ਾਦੀ ਦਾ ਸ਼ਿਕਾਰ ਬਣਾਉਂਦਾ ਰਹਿੰਦਾ ਹੈ। ਇਸ ਦਾ ਗੰਭੀਰ ਪਰਿਣਾਮ ਇਹ ਹੁੰਦਾ ਹੈ ਕਿ ਮਨੁੱਖ ਆਪਣੇ ਸਵੈ ਤੋਂ ਵੀ ਅਜਨਬੀ ਹੋ ਜਾਂਦਾ ਹੈ। ਇਸ ਸਮੱਸਿਆ ਨੂੰ ਇਸ ਕਵਿਤਾ ਵਿੱਚ ਪੇਸ਼ ਕੀਤਾ ਗਿਆ ਹੈ ਜੋ ਇਸ ਤਰ੍ਹਾਂ ਹੈ-

ਮੈਂ ਗੁਆਚ ਗਿਆ ਹਾਂ
ਮੇਰਾ ਅੰਦਰ
ਮੇਰਾ ਬਾਹਰ
ਮੇਰੀ ਧਰਤੀ
ਮੇਰੇ ਲੋਕ ਵੀ
ਮੇਰਾ ਆਪਾ
ਤੇਰੇ ਸਨਮੁਖ ਹੈ
ਸਾਖਿਆਤ ਤੇਰੇ ਸਾਹਵੇਂ
ਆ ਖਲੋਣ 'ਤੇ
ਮੇਰੇ ਆਪਾ ਮੇਰੀ ਹੋਂਦ
ਸਾਮ-ਧਾਮ ਆ ਖਲੋਂਦੀ ਤੇ
ਕਲੋਲਾਂ ਕਰਦੀ ਹੋਈ...[17]

ਇਹ ਕਵਿਤਾ ਅਜਿਹੇ ਮਨੁੱਖ ਦੀ ਤ੍ਰਾਸਦੀ ਪੇਸ਼ ਕਰਦੀ ਹੈ ਜੋ ਆਪਣੇ ਸਵੈ ਤੋਂ ਪੂਰੀ ਤਰ੍ਹਾਂ ਅਜਨਬੀ ਹੋ ਗਿਆ ਹੈ। ਸਵੈ ਤੋਂ ਅਜਨਬੀ ਹੋਣ ਦਾ ਇੱਥੇ ਭਾਵ ਹਰ ਤਰ੍ਹਾਂ ਦੀ ਪਹਿਚਾਣ ਤੋਂ ਟੁੱਟ ਜਾਣ ਤੋਂ ਹੈ। ਕਵਿਤਾ ਵਿੱਚ 'ਅੰਦਰ' ਪਦ 'ਸਵੈ ਪਹਿਚਾਣ' ਲਈ ਵਰਤਿਆ ਗਿਆ ਹੈ। 'ਬਾਹਰ' ਪਦ ਦਾ ਅਰਥ ਸਮਾਜਿਕ ਸਵੈ ਤੋਂ ਹੈ। ਇੱਛੂਪਾਲ ਜਦੋਂ ਵਿਅਕਤੀ ਅੰਦਰ ਉਦਾਸੀ ਭਾਵ ਪੈਦਾ ਹੋਣ ਦੀ ਗੱਲ ਕਰਦਾ ਹੈ ਤਾਂ ਉਸ ਹਾਲਤ ਵਿੱਚ ਵੀ ਵਿਅਕਤੀ ਆਪਣੇ ਸਵੈ ਨਾਲ ਇੱਕ ਢੰਗ ਨਾਲ ਜੁੜਿਆ ਹੁੰਦਾ ਹੈ। ਉਦਾਸ ਮਨੁੱਖ, ਆਪਣੇ ਸਵੈ ਨੂੰ ਖੁਸ਼ ਕਰਨ

ਲਈ, ਪ੍ਰਮਾਣਿਕ ਬਣਾਉਣ ਲਈ ਯਤਨ ਕਰ ਸਕਦਾ ਹੈ। ਪਰ ਜੋ ਮਨੁੱਖ ਖ਼ੁਦ ਨੂੰ ਆਪਣੇ ਸਵੈ ਤੱਕ ਤੋਂ ਟੁੱਟਿਆ ਮਹਿਸੂਸ ਕਰਦਾ ਹੈ, ਉਸਦਾ ਅਸਤਿਤਵੀ ਸੰਕਟ ਜ਼ਿਆਦਾ ਗੰਭੀਰ ਹੈ। ਕਵਿਤਾ ਵਿਚਲੇ ਮਨੁੱਖ ਦੀ ਤ੍ਰਾਸਦੀ ਦਾ ਇੱਕ ਪਹਿਲੂ ਇਹ ਵੀ ਹੈ ਕਿ ਉਹ ਜਦੋਂ ਵੀ ਆਪਣੀ ਹੋਂਦ ਨੂੰ ਤਲਾਸ਼ਣ ਦਾ ਯਤਨ ਕਰਦਾ ਹੈ ਉਸ ਦੀ ਚੇਤਨਾ ਵਿੱਚ ਉਪਭੋਗਤਾਵਾਦੀ ਇਛਾਵਾਂ ਆ ਜਾਂਦੀਆਂ ਹਨ। ਇਹ ਪੂੰਜੀਵਾਦੀ ਸਮਾਜ ਵਿਚਲੇ ਉਪਭੋਗਤਾਵਾਦ ਵਿੱਚ ਫਸੇ ਮਨੁੱਖ ਦੀ ਦਾਸਤਾਨ ਹੈ ਜੋ ਆਪਣੇ ਸਵੈ ਨੂੰ ਆਦਰਸ਼ਕ ਬਣਾਉਣ ਲਈ 'ਝੂਠੀਆਂ ਲੋੜਾਂ' ਨੂੰ ਗ੍ਰਹਿਣ ਕਰਦਾ ਹੈ। ਉਦਾਹਰਨ ਲਈ ਕਾਰ, ਮੋਬਾਇਲ, ਘਰ ਅਤੇ ਮਹਿੰਗੇ ਕੱਪੜੇ ਜਿਨ੍ਹਾਂ ਨਾਲ ਸਮਾਜ ਵਿੱਚ ਮਨੁੱਖ ਨੂੰ ਲਗਦਾ ਹੈ ਕਿ ਉਸਦਾ ਸਵੈ ਆਦਰਸ਼ਕ ਬਣ ਗਿਆ ਹੈ। ਅਜਿਹੇ ਮਨੁੱਖ ਦਾ ਸਵੈ ਆਪਣੀ ਹੋਂਦ ਦੀ ਥਾਂ ਉਪਭੋਗਤਾਵਾਦੀ ਇਛਾਵਾਂ ਲਈ ਜਿਊਂਦਾ ਹੈ, ਜਿਸ ਕਾਰਨ ਅਜਨਬੀਕਰਨ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਅਪ੍ਰਮਾਣਿਕ ਸਵੈ ਤੋਂ ਪ੍ਰਮਾਣਿਕ ਸਵੈ ਬਣਨ ਲਈ ਮਨੁੱਖ ਨੂੰ ਆਪਣੀ ਚੋਣ ਦਾ ਸਹੀ ਢੰਗ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ। ਚੋਣ ਕਰਨ ਵੇਲੇ ਮਨੁੱਖ ਦਾ ਸਜਗ ਹੋਣਾ ਜ਼ਰੂਰੀ ਹੈ। ਇਸ ਮਸਲੇ ਨਾਲ ਸੰਬੰਧਿਤ ਇੱਕ ਕਵਿਤਾ ਇਸ ਤਰ੍ਹਾਂ ਹੈ–

ਕਦੋਂ ਤੱਕ
ਚਲਦਾ ਰਹੇਂਗਾ
ਅੱਖਾਂ ਮੀਟ ਕੇ
ਬੇਧਿਆਨਿਆ ਜਿਹਾ ?
ਕਦੋਂ ਤੱਕ
ਚਲਦਾ ਰਹੇਂਗਾ
ਇੰਝ ਹੀ ਆਪਣੀ ਚਾਲੇ,
ਸੱਚ ਨੂੰ ਲੁਕਾਏ ਹੋਇਆਂ
ਨਕਾਬ ਪਹਿਨਕੇਸ਼1
ਨਾ ਦੇ
ਝਾਂਸਾ
ਆਪਣੇ ਨਜ਼ਰੀਐ ਦਾ
ਹੋਰਨਾਂ ਲਈ
ਇਹ ਸੱਚ ਹੋ ਸਕਦੈ
ਨਾ ਚਲ ਇੰਝ
ਇਸ ਤੋਰ ਅੰਦਰ
ਬਾਹਰ ਤੇ ਕੁਝ ਹੋਰ ਵਾਪਰਦੈ
ਤੇਰੇ ਦੁਆਲੇ
ਵੱਲ ਵਲੇਟ ਕੇਸ਼
ਨਾ ਮੀਟ ਅੱਖਾਂ
ਬੇਧਿਆਨਾ ਬਣ ਬਣ
ਪਛਾਣ ਲੈ ਹਵਾ ਦਾ ਰੁਖ
ਕਦੋਂ ਤੱਕ
ਚਲਦਾ ਰਹੇਂਗਾਸ਼?[18]

ਇਹ ਕਵਿਤਾ ਮਨੁੱਖ ਨੂੰ ਸਵੈ ਦੇ ਵਿਕਾਸ ਲਈ ਚੋਣ ਕਰਨ ਸਮੇਂ ਚੇਤੰਨ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਕਵਿਤਾ ਵਿੱਚ 'ਬੇਧਿਆਨਾ' ਪਦ ਸਵੈ ਦੀ ਹੋਂਦ ਤੋਂ ਟੁੱਟੇ ਹੋਣ ਵੱਲ ਇਸ਼ਾਰਾ ਹੈ, ਇਸ ਲਈ ਮੁੜ ਧਿਆਨ ਲਗਾਉਣ ਤੋਂ ਭਾਵ ਹੋਂਦ ਨਾਲ ਮੁੜ ਜੁੜਨਾ ਹੈ, ਜਿਸਨੂੰ ਹੱਲ ਵਜੋਂ ਪੇਸ਼ ਕੀਤਾ ਗਿਆ ਹੈ। ਕਵਿਤਾ ਸੰਪੂਰਨ ਆਜ਼ਾਦੀ, ਚੋਣ ਬਾਰੇ ਚੇਤੰਨ ਹੋਣ ਦੇ ਨਾਲ–ਨਾਲ ਚੋਣ ਲਈ ਜ਼ਿੰਮੇਦਾਰ ਹੋਣ ਲਈ ਵਿਅਕਤੀ ਨੂੰ ਪ੍ਰੇਰਦੀ ਹੈ।ਅਸਤਿਤ੍ਵਵਾਦੀ ਚਿੰਤਕਾਂ ਦਾ ਮੰਨਣਾ ਹੈ ਕਿ ਮਨੁੱਖ ਪ੍ਰਮਾਣਿਕਤਾ ਇਸ ਤਰ੍ਹਾਂ ਹੀ ਹਾਸਿਲ ਕਰ ਸਕਦਾ ਹੈ। ਹੋਂਦ ਦਾ ਟੁੱਟਣਾ ਜਾਂ ਗੁਆਚਣਾ, ਬੇਧਿਆਨਾ ਹੋਣਾ ਹੈ। ਕਾਵਿ ਵਿੱਚ 'ਹੋਂਦ ਆਪਣੇ ਆਪ ਲਈ' ਦੇ ਆਦਰਸ਼ ਵਿਚਾਰ ਨੂੰ 'ਹਵਾ ਦਾ ਰੁਖ' ਦਾ ਮੈਟਾਫ਼ਰ ਦਿੱਤਾ ਗਿਆ ਹੈ। ਕਵਿਤਾ ਵਿੱਚ ਨਕਾਬ ਅਤੇ ਝਾਂਸਾ, ਬੁਰੇ ਵਿਸ਼ਵਾਸ ਦੇ ਸੰਕਲਪ ਨਾਲ ਜੁੜਦਾ ਹੈ। ਵਿਅਕਤੀ ਜਦੋਂ ਤੱਕ ਆਪਣੀ ਹੋਂਦ ਨੂੰ ਦੂਸਰੇ 'ਤੇ ਨਿਰਭਰ ਕਰਦਾ ਹੈ ਤਾਂ ਉਹ ਆਪਣੀ ਹੋਂਦ ਨੂੰ ਨਕਲੀ ਆਦਰਸ਼ਤਾ ਦਾ ਝਾਂਸਾ ਦੇ ਰਿਹਾ ਹੁੰਦਾ ਹੈ। ਪਿਛਲੀਆਂ ਕਵਿਤਾਵਾਂ ਵਿਚਲਾ ਬਜ਼ੁਰਗ, ਧਾਰਮਿਕ ਵਿਅਕਤੀ ਅਤੇ ਨਿੱਜੀ ਆਜ਼ਾਦੀ ਤੱਕ ਸੀਮਿਤ ਰਹਿਣ ਵਾਲੇ ਵਿਅਕਤੀ ਨਕਲੀ ਆਦਰਸ਼ਤਾ ਵਿੱਚ ਜਿਉਂਦੇ ਹਨ। ਅਜਿਹੇ ਮਨੁੱਖਾਂ ਨੂੰ ਹੀ ਕਵਿਤਾ ਵਿੱਚ ਅੱਖਾਂ ਖੋਲ੍ਹਣ ਲਈ ਕਿਹਾ ਗਿਆ ਹੈ, ਭਾਵ ਸਵੈ ਦੀ ਹੋਂਦ ਨੂੰ ਦੇਖਣ

ਲਈ ਕਿਹਾ ਗਿਆ ਹੈ ਤਾਂ ਜੋ ਉਪਭੋਗਤਾਵਾਦ ਅਤੇ ਬੁਰੇ-ਵਿਸ਼ਵਾਸ ਤੋਂ ਬਚਿਆ ਜਾ ਸਕੇ। ਇਸ ਤਰ੍ਹਾਂ ਇੱਛੂਪਾਲ ਦਾ ਕਾਵਿ-ਸਾਹਿਤ ਅਸਤਿਤਵੀ ਸੰਕਟ ਦੇ ਸ਼ੁਰੂਆਤੀ ਪਹਿਲੂਆਂ ਤੋਂ ਲੈਕੇ ਇਸ ਦੇ ਹੱਲ ਤੱਕ ਨੂੰ ਕਵਿਤਾ ਵਿੱਚ ਪੇਸ਼ ਕਰਦਾ ਨਜ਼ਰੀਂ ਪੈਂਦਾ ਹੈ।

ਉਪਰੋਕਤ ਵਿਚਾਰ-ਚਰਚਾ ਉਪਰੰਤ ਅਸੀਂ ਇੱਛੂਪਾਲ ਦੇ ਕਾਵਿ-ਸਾਹਿਤ ਵਿੱਚ ਆਏ ਵਿਭਿੰਨ ਅਸਤਿਤਵੀ ਪਰਿਪੇਖਾਂ ਦੇ ਪ੍ਰਗਟਾਅ ਤੋਂ ਇਹ ਸਹਿਜੇ ਹੀ ਅਨੁਮਾਨ ਲਗਾ ਜਾ ਸਕਦੇ ਹਾਂ ਕਿ ਉਸ ਨੇ ਅਸਤਿਤ੍ਵੀ ਸੰਕਟ ਅੱਗੇ ਮਨੁੱਖ ਦੇ ਥੀਣ ਹੋਣ ਨੂੰ ਨੇੜਿਓਂ ਦੇਖਿਆ ਅਤੇ ਹੱਡੀਂ ਹੰਢਾਇਆ ਹੈ। ਉਸ ਦੀ ਕਾਵਿ-ਸੰਵੇਦਨਾ ਅਸਤਿਤ੍ਵਵਾਦ ਦੇ ਪ੍ਰਮੁੱਖ ਆਧਾਰਾਂ ਜਿਵੇਂ-ਆਜ਼ਾਦੀ, ਚੋਣ, ਜ਼ਿੰਮੇਦਾਰੀ ਅਤੇ ਪ੍ਰਮਾਣਿਕਤਾ ਨਾਲ ਜੁੜੀ ਨਜ਼ਰੀਂ ਆਉਂਦੀ ਹੈ। ਪਰ ਇਨ੍ਹਾਂ ਵਿਚੋਂ ਚੋਣ, ਜ਼ਿੰਮੇਦਾਰੀ ਅਤੇ ਪ੍ਰਮਾਣਿਕਤਾ ਦੇ ਮਸਲੇ ਉਸ ਦੇ ਕਾਵਿ-ਵਿਚਾਰ ਵਿੱਚ ਵਧੇਰੇ ਉਭਰਦੇ ਹਨ। ਇੱਛੂਪਾਲ ਦੀ ਕਵਿਤਾ ਨੂੰ ਪੜ੍ਹਦਿਆਂ-ਵਿਚਾਰਦਿਆਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਉਸ ਦੀ ਕਾਵਿ-ਸਿਰਜਣਾ ਦਾ ਨਾਇਕ ਆਮ ਮਨੁੱਖ ਹੈ ਜਿਸ ਅੱਗੇ ਅਸਤਿਤ੍ਵੀ ਸੰਕਟ ਗਲਤ ਚੋਣ ਅਤੇ ਉਸ ਚੋਣ ਦੀ ਜ਼ਿੰਮੇਦਾਰੀ ਨੂੰ ਨਾ ਮੰਨਣ ਤੋਂ ਪੈਦਾ ਹੁੰਦਾ ਹੈ। ਉਸ ਦੀ ਕਾਵਿ-ਚੇਤਨਾ ਅੰਦਰਲੀ ਇੱਕ ਸੁਰ ਇਹ ਵੀ ਹੈ ਕਿ ਉਹ ਪਿਆਰ ਅਤੇ ਮਨੁੱਖੀ ਰਿਸ਼ਤਿਆਂ ਨੂੰ ਅਸਤਿਤ੍ਵ ਦੇ ਵਿਕਾਸ ਲਈ ਸਾਰਥਕ ਤਾਂ ਮੰਨਦੀ ਹੈ, ਪਰ ਉਸ ਲਈ ਇਹ ਆਦਰਸ਼ ਦਾ ਰੂਪ ਨਹੀਂ ਧਾਰਦੀ। ਇਸ ਦੇ ਸਮਾਨਾਂਤਰ ਇੱਛੂਪਾਲ ਦੀ ਕਵਿਤਾ ਮਨੁੱਖ ਨੂੰ ਆਪਣੇ ਸਵੈ 'ਤੇ ਧਿਆਨ ਦੇਣ ਵੱਲ ਉਲਾਰਦੀ ਹੈ ਜੋ ਅਸਲ ਵਿਚ ਆਦਰਸ਼ ਹੈ। ਉਸਦੀ ਇਸ ਅਵਿਧਾਰਨਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਹ ਸਾਰਤਰ ਦੇ ਅਸਤਿਤ੍ਵਵਾਦੀ ਦਰਸ਼ਨ ਤੋਂ ਪ੍ਰਭਾਵਿਤ ਹੈ। ਉਹ ਸਾਰਤਰ ਵਾਂਗ ਹੀ ਪੂੰਜੀਵਾਦ ਨੂੰ ਮਨੁੱਖੀ ਜੀਵਨ ਲਈ ਅਸਤਿਤ੍ਵੀ ਸੰਕਟ ਦਾ ਵੱਡਾ ਕਾਰਨ ਮੰਨਦਾ ਹੈ। ਸਾਰਤਰ ਮਾਰਕਸਵਾਦ ਦਾ ਸਮਰਥਕ ਸੀ ਅਤੇ ਉਸਨੂੰ ਮਾਰਕਸਵਾਦੀ ਅਸਤਿਤ੍ਵਵਾਦੀ ਵੀ ਕਿਹਾ ਜਾਂਦਾ ਹੈ। ਇੱਛੂਪਾਲ ਦੀਆਂ ਬਹੁਤੀਆਂ ਕਵਿਤਾਵਾਂ ਵੀ ਮੱਧਵਰਗੀ ਬੰਦੇ ਦੀਆਂ ਲੋੜਾਂ ਦੀ ਗੁਹਾਰ ਲਗਾਉਂਦੀਆਂ ਹਨ ਅਤੇ ਮਾਰਕਸਵਾਦੀ ਦਰਸ਼ਨ ਵਿਚੋਂ ਹੱਲ ਢੂੰਢਣ ਲਈ ਪ੍ਰੇਰਦੀਆਂ ਹਨ। ਇੰਜ, ਇੱਛੂਪਾਲ ਦੇ ਕਾਵਿ-ਸਰੋਕਾਰਾਂ ਨੂੰ ਅਸਤਿਤ੍ਵਵਾਦੀ ਅਧਿਐਨ ਪ੍ਰਣਾਲੀ ਰਾਹੀਂ ਘੋਖਦਿਆਂ ਇਹ ਕਹਿ ਸਕਦੇ ਹਾਂ ਕਿ ਉਹ ਸਾਰਤੇਰੀਅਨ ਅਸਤਿਤ੍ਵਵਾਦੀ ਕਵੀ ਹੈ ਅਤੇ ਅਸਤਿਤ੍ਵਵਾਦੀ ਚਿੰਤਨ ਦੇ ਮੂਲ ਸਰੋਕਾਰਾਂ ਤੋਂ ਜਾਣੂ ਹੈ।

## ਹਵਾਲੇ ਅਤੇ ਟਿੱਪਣੀਆਂ:-


1. ਵਧੇਰੇ ਜਾਣਕਾਰੀ ਲਈ ਪੜ੍ਹੋ-
   https://www.marxists.org/reference/archive/sartre/works/exist/sartre.htm 12 November, 2022.
2. "I think, therefore I am"- Rene Descarte, ***Discourse on method and meditation,*** Hackett publishing house, America, 1998, pg 18.
3. "I exist, therefore I am"- Jean Paul Sartre, ***Nausea,*** Penguin Publications, America, 2000, pg 96.
4. "Existence precedes essence"
   https://www.marxists.org/reference/archive/sartre/works/exist/sartre.htm – 12 November, 2022.
5. "A Philosophical theory or approach which emphasizes the existence of the individual person as a free and responsible agent determining their own development through acts of the will"

https://www.oxfordreference.com/view/10.1093/oi/authority.20110803095804537 - 14 November, 2022.

6. "Existentialism therefore, may be defined as the philosophical theory which holds that a further set of categories, governed by the norm of *authenticity*, is necessary to grasp human existence" https://plato.stanford.edu/entries/existentialism 14 November, 2022.

7. "Have the courage to use your own understanding" http://www.columbia.edu/acis/ets/CCREAD/etscc/kant.html 14 November, 2022.

8. ਵਧੇਰੇ ਜਾਣਕਾਰੀ ਲਈ ਪੜ੍ਹੋ -Jean Paul Sartre, ***Existentialism from Dostoyevsky to Sartre***, 'Existentialism is a Humanism', Ed. Walter Kaufman, Meridian Publishing Company, Newyork, 1989. Pp 230-35.

9. ਵਧੇਰੇ ਜਾਣਕਾਰੀ ਲਈ ਪੜ੍ਹੋ–
https://www.oxfordreference.com/view/10.1093/oi/authority.20110803095440370 29 November, 2022.

10. "Sartre defines two types or ways of being-in-itself and being-for-itself. He uses the first of these, being-in-itself to describe things that have a definable and complete essence yet are not conscious of themselves or their essential completeness. Trees, rocks and birds, for example, fall into this category. Sartre uses being-for-itself to describe human beings, who are defined by their possession of consciousness and more specifically, by their consciousness of their oown existence-and, as Sartre writes by their consciousness of lacking the complete, definable essence of the being-in-itself. This state of being-for-itself is not just defined by self-consciousness-it would not exist without that consciousness. In Sartre's philosophical system, the interplay and difference between these two manners of being is a constant and indispensable point of discussion."
https://www.sparknotes.com/philosophy/sartre/themes/#:~:text=Pour%2DSoi%20(being%2Dfor,themselves%20or%20their%20essential%20completeness 30 November, 2022.

11. ਇੱਛੂਪਾਲ, ***ਤਰਕਾਲਾਂ ਦੀਆਂ ਆਵਾਜ਼ਾਂ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 9.

12. ਉਹੀ, ***ਬਦਾਮਾਂ ਦੀ ਫੁੱਲਖੇਰੀ***, ਨੈਸ਼ਨਲ ਬੁਕ ਸ਼ਾਪ, ਦਿੱਲੀ, 2021, ਪੰਨਾ 47.

13. ਉਹੀ, ***ਅੱਥਰੇ ਘੋੜੇ ਵਾਂਗ***, ਉਡਾਨ ਪਬਲੀਕੇਸ਼ਨ, ਮਾਨਸਾ, 2006, ਪੰਨਾ 90.

14. ਉਹੀ, ***ਜਦੋਂ ਪਰਿੰਦੇ ਪਰਤਣ ਗੇ...***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ 38.


15. ਉਹੀ, ***ਬਦਾਮਾਂ ਦੀ ਫੁੱਲਖੇਰੀ***, ਨੈਸ਼ਨਲ ਬੁਕ ਸ਼ਾਪ, ਦਿੱਲੀ, 2021, ਪੰਨਾ 11.

16. ਉਹੀ, ***ਆਪਣੀ ਆਪਣੀ ਜੂਹ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2000, ਪੰਨਾ 43.


17. ਉਹੀ, ***ਤਰਕਾਲਾਂ ਦੀਆਂ ਆਵਾਜ਼ਾਂ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨੇ 205–06.


18. ਉਹੀ, ***ਵਸਲ ਦੀ ਖਿੱਚ***, ਉਡਾਨ ਪਬਲੀਕੇਸ਼ਨ, ਮਾਨਸਾ, 2015, ਪੰਨਾ 179.

••


ਸੁਰਜੀਤ ਸਿੰਘ ਲਾਂਬੜਾ



ਮੈਲ਼ੇ ਮੰਜ਼ਰ
(ਗਜ਼ਲ ਸੰਗ੍ਰਹਿ)
ਹਰਮਿੰਦਰ ਸਿੰਘ ਕੋਹਾਰਵਾਲਾ



ਵਿਵੇਕ
ਕੁਮਾਰ
ਰੁੱਖ ਵੀ ਨੇ
ਧਰਤੀ ਦੇ ਜਾਏ


ਰਾਜਿੰਦਰਜੀਤ
ਸੂਲਾਂ
ਸੁੱਤੀ
ਰਾਤ

**KAVLOK** : April - June 2024
**Literary Punjabi Quarterly Magazine**


**ISSN: 2583-8393**
**RNI : PUNPUN / 2022 / 83293**










Printer, Publisher, Owner & Editor Lakhvinder Singh Johal. Prinited at Ram Avtar Offset Printers, E.D.158-159, Dhan Mohala, Khingran Gate, Jalandhar Punjab-144001 and Published at 20 Professor Colony, Near Wadala Chowk, Jalandhar Punjab-144001 **Publication Date : 01/04/2024**

ਪ੍ਰਿੰਟਰ, ਪਬਲਿਸ਼ਰ, ਮਾਲਕ ਅਤੇ ਸੰਪਾਦਕ ਲਖਵਿੰਦਰ ਸਿੰਘ ਜੌਹਲ ਨੇ ਰਾਮ ਅਵਤਾਰ ਆਫ਼ਸੈੱਟ ਪ੍ਰਿੰਟਰਜ਼, ਈ.ਡੀ. 158-159, ਢਨ ਮੁਹੱਲਾ, ਖਿੰਗਰਾਂ ਗੇਟ, ਜਲੰਧਰ ਪੰਜਾਬ-144001 ਤੋਂ ਛਪਵਾ ਕੇ 20 ਪ੍ਰੋਫ਼ੈਸਰ ਕਾਲੋਨੀ, ਨੇੜੇ ਵਡਾਲਾ ਚੌਕ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ। **ਪ੍ਰਕਾਸ਼ਨ ਮਿਤੀ : 01/04/2024**